ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

https://youtu.be/LQwolgxDu7I

awazeqaumtvpunjab@gmail.com

ਐਤਵਾਰ, 5 ਅਪ੍ਰੈਲ 2026 (ਨਾਨਕਸ਼ਾਹੀ ਸੰਮਤ : ੫੫੮, ੨੩ ਚੇਤ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243

## ਅਮਰੀਕਾ ਅੱਗੇ ਨਹੀਂ ਝੁਕਿਆ ਇਰਾਨ !

# ਜੰਗਬੰਦੀ ਦਾ 'ਆਫ਼ਰ' ਠੁਕਰਾਇਆ



**ਤਹਿਰਾਨ, 4 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਮੱਧ ਪੂਰਬ ਵਿੱਚ ਜਾਰੀ ਭਿਆਨਕ ਤਣਾਅ ਦਰਮਿਆਨ ਇਰਾਨ ਨੇ ਅਮਰੀਕਾ ਵੱਲੋਂ ਦਿੱਤੀ ਗਈ 48 ਘੰਟੇ ਦੀ ਜੰਗਬੰਦੀ ਦੀ ਤਜਵੀਜ਼ ਨੂੰ ਸਾਫ਼ ਤੌਰ 'ਤੇ ਰੱਦ ਕਰ ਦਿੱਤਾ ਹੈ। ਇਰਾਨ ਦੀ ਅਰਧ-ਸਰਕਾਰੀ ਨਿਊਜ਼ ਏਜੰਸੀ ਮੁਤਾਬਕ, ਅਮਰੀਕਾ ਨੇ ਇਹ ਪ੍ਰਸਤਾਵ ਇੱਕ "ਮਿੱਤਰ ਦੇਸ਼" ਰਾਹੀਂ ਇਰਾਨ ਤੱਕ ਪਹੁੰਚਾਇਆ ਸੀ। ਰਿਪੋਰਟਾਂ ਅਨੁਸਾਰ, ਇਰਾਨ ਨੇ ਅਮਰੀਕਾ ਦੀ ਇਸ ਪੇਸ਼ਕਸ਼ ਦਾ ਕੋਈ ਲਿਖਤੀ ਜਵਾਬ ਨਹੀਂ ਦਿੱਤਾ, ਸਗੋਂ ਜੰਗ ਦੇ ਮੈਦਾਨ ਵਿੱਚ ਹਮਲੇ ਜਾਰੀ ਰੱਖ ਕੇ ਆਪਣਾ ਸਟੈਂਡ ਸਪਸ਼ਟ ਕਰ ਦਿੱਤਾ ਹੈ। ਇਹ ਘਟਨਾਕ੍ਰਮ ਉਸ ਸਮੇਂ ਸਾਹਮਣੇ ਆਇਆ ਹੈ ਜਦੋਂ ਇਰਾਨੀ ਹਮਲਿਆਂ ਨੇ ਕੁਵੈਤ ਦੇ ਬੁਬੀਯਾਨ ਟਾਪੂ 'ਤੇ ਸਥਿਤ ਅਮਰੀਕੀ ਫੌਜੀ ਡਿਪੂ ਨੂੰ ਨਿਸ਼ਾਨਾ ਬਣਾਇਆ, ਜਿਸ ਤੋਂ ਬਾਅਦ ਵਾਸ਼ਿੰਗਟਨ ਜੰਗਬੰਦੀ ਲਈ ਡਿਪਲੋਮੈਟਿਕ ਕੋਸ਼ਿਸ਼ਾਂ ਤੇਜ਼ ਕਰ ਰਿਹਾ ਹੈ। ਇਰਾਨੀ ਫੌਜ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੇ ਹਵਾਈ ਰੱਖਿਆ ਪ੍ਰਣਾਲੀ ਨੇ ਸਟ੍ਰੇਟ ਆਫ ਹਾਰਮੁਜ਼ ਦੇ ਕੋਲ ਅਮਰੀਕਾ ਦੇ ਇੱਕ A-10 "Warthog" ਹਮਲਾਵਰ ਜਹਾਜ਼ ਨੂੰ ਮਾਰ ਗਿਰਾਇਆ ਹੈ, ਜੋ ਫਾਰਸ ਦੀ ਖਾੜੀ ਵਿੱਚ ਜਾ ਡਿੱਗਿਆ। ਇਸ ਤੋਂ ਪਹਿਲਾਂ, ਇਰਾਨੀ ਰੀਵੋਲਿਊਸ਼ਨਰੀ ਗਾਰਡਸ ਨੇ ਕੇਂਦਰੀ ਇਰਾਨ ਵਿੱਚ ਅਮਰੀਕਾ ਦੇ ਇੱਕ 6-35 ਫਾਈਟਰ ਜੈੱਟ ਨੂੰ ਡੇਗਣ ਦਾ ਦਾਅਵਾ ਕੀਤਾ। ਉਥੇ ਹੀ ਲਾਪਤਾ ਪਾਇਲਟ ਦੀ ਭਾਲ ਵਿੱਚ ਨਿਕਲੇ ਅਮਰੀਕੀ ਬਲੈਕ ਹਾਕ ਹੈਲੀਕਾਪਟਰ ਨੂੰ ਵੀ ਇਰਾਨੀ ਸਰਹੱਦ ਵਿੱਚ ਨਿਸ਼ਾਨਾ ਬਣਾਇਆ ਗਿਆ। ਜ਼ਿਕਰਯੋਗ ਹੈ ਕਿ 28 ਫਰਵਰੀ ਨੂੰ ਇਜ਼ਰਾਈਲ ਅਤੇ ਅਮਰੀਕਾ ਨੇ ਸਾਂਝੇ ਤੌਰ 'ਤੇ ਤੇਹਰਾਨ ਸਮੇਤ ਇਰਾਨ ਦੇ ਕਈ ਸ਼ਹਿਰਾਂ 'ਤੇ ਹਮਲਾ ਕੀਤਾ ਸੀ। ਇਸ ਹਮਲੇ ਵਿੱਚ ਇਰਾਨ ਦੇ ਸੁਪਰੀਮ ਲੀਡਰ ਅਲੀ ਖਮੇਨੇਈ ਸਮੇਤ ਕਈ ਸੀਨੀਅਰ ਫੌਜੀ ਕਮਾਂਡਰ ਮਾਰੇ ਗਏ ਸਨ। ਇਸ ਤੋਂ ਬਾਅਦ ਇਰਾਨ ਨੇ ਇਜ਼ਰਾਈਲ ਅਤੇ ਅਮਰੀਕੀ ਟਿਕਾਣਿਆਂ 'ਤੇ ਮਿਜ਼ਾਈਲਾਂ ਅਤੇ ਡਰੋਨਾਂ ਨਾਲ ਲਗਾਤਾਰ ਹਮਲੇ ਸ਼ੁਰੂ ਕਰ ਦਿੱਤੇ ਹਨ।




## ਅੰਮ੍ਰਿਤਸਰ 'ਚ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਦੀ ਕੋਸ਼ਿਸ਼ ਨਾਕਾਮ ! ਆਈਈਡੀ ਸਣੇ ਇੱਕ ਮੁਲਜ਼ਮ ਕਾਬੂ



**ਅੰਮ੍ਰਿਤਸਰ, 4 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਅੰਮ੍ਰਿਤਸਰ ਦਿਹਾਤੀ ਪੁਲਿਸ ਨੇ ਇੱਕ ਵਿਅਕਤੀ ਨੂੰ ਪਾਕਿਸਤਾਨ ਦੀ ਖੁਫੀਆ ਏਜੰਸੀ, ਆਈਐਸਆਈ ਦੁਆਰਾ ਭਾਰਤ ਵਿੱਚ ਬੰਬ ਧਮਾਕਾ ਕਰਨ ਲਈ ਭੇਜੇ ਗਏ ਇੱਕ ਇੰਪ੍ਰੋਵਾਈਜ਼ਡ ਐਕਸਪਲੋਸਿਵ ਡਿਵਾਈਸ (IED) ਨਾਲ ਗ੍ਰਿਫ਼ਤਾਰ ਕੀਤਾ ਹੈ। ਪਤਾ ਲੱਗਾ ਹੈ ਕਿ ਆਈਈਡੀ ਇੱਕ ਪੁਲਿਸ ਇਮਾਰਤ ਨੂੰ ਨਿਸ਼ਾਨਾ ਬਣਾਉਣ ਲਈ ਸੀ, ਪਰ ਪੁਲਿਸ ਨੇ ਸਮੇਂ ਸਿਰ ਸ਼ੱਕੀ ਅਤੇ ਆਈਈਡੀ ਨੂੰ ਗ੍ਰਿਫ਼ਤਾਰ ਕਰ ਲਿਆ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਹਰਮਨ ਸਿੰਘ ਵਜੋਂ ਹੋਈ ਹੈ, ਜੋ ਕਿ ਭਾਰਤ-ਪਾਕਿਸਤਾਨ ਸਰਹੱਦ 'ਤੇ ਅਜਨਾਲਾ ਪੁਲਿਸ ਸਟੇਸ਼ਨ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਪਿੰਡ ਉਨਾਵਪੁਰਾ ਦਾ ਰਹਿਣ ਵਾਲਾ ਹੈ। ਜਦੋਂ ਬੰਬ ਨਿਰੋਧਕ ਦਸਤੇ ਨੇ ਆਈਈਡੀ ਨੂੰ ਨਕਾਰਾ ਕੀਤਾ ਤਾਂ ਉਸ ਵਿੱਚ ਅੱਧੇ ਕਿਲੋਗ੍ਰਾਮ ਤੋਂ ਵੱਧ ਆਰਡੀਐਕਸ, ਅੱਧੇ ਕਿਲੋਗ੍ਰਾਮ ਛੋਟੇ ਲੋਹੇ ਦੇ ਗੋਲੇ, ਇੱਕ ਟਿਫਿਨ ਬਾਕਸ, ਇੱਕ ਡੈਟੋਨੇਟਰ, ਇੱਕ ਰਿਮੋਟ ਅਤੇ ਤਾਰਾਂ ਪਾਈਆਂ ਗਈਆਂ।

## ਘਰ 'ਚ ਵੜ ਕੇ ਮਾਰਾਂਗੇ, ਜੰਗ ਹੁਣ 250 ਕਿਲੋਮੀਟਰ ਤੱਕ ਸੀਮਤ ਨਹੀਂ' ਪਾਕਿ ਦੀ ਭਾਰਤ ਨੂੰ ਚੇਤਾਵਨੀ



**ਇਸਲਾਮਾਬਾਦ/ਨਵੀਂ ਦਿੱਲੀ, 4 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਈਰਾਨ-ਇਜ਼ਰਾਈਲ ਜੰਗ ਦਰਮਿਆਨ ਪਾਕਿਸਤਾਨ ਦੇ ਤੇਵਰ ਬਦਲੇ ਹੋਏ ਨਜ਼ਰ ਆ ਰਹੇ ਹਨ। ਪਾਕਿਸਤਾਨ ਦੇ ਰੱਖਿਆ ਮੰਤਰੀ ਖਵਾਜਾ ਆਸਿਫ ਨੇ ਭਾਰਤ ਨੂੰ ਸਿੱਧੀ ਧਮਕੀ ਦਿੰਦਿਆਂ ਕਿਹਾ ਹੈ ਕਿ ਜੇਕਰ ਇਸ ਵਾਰ ਦੋਵਾਂ ਦੇਸ਼ਾਂ ਵਿਚਾਲੇ ਕੋਈ ਸੰਘਰਸ਼ ਹੁੰਦਾ ਹੈ, ਤਾਂ ਉਹ ਸਿਰਫ 200-250 ਕਿਲੋਮੀਟਰ ਦੇ ਦਾਇਰੇ ਤੱਕ ਸੀਮਤ ਨਹੀਂ ਰਹੇਗਾ। ਆਸਿਫ ਨੇ ਚਿਤਾਵਨੀ ਦਿੱਤੀ ਕਿ ਪਾਕਿਸਤਾਨੀ ਫੌਜਾਂ ਭਾਰਤੀ ਖੇਤਰ ਦੇ ਅੰਦਰ ਵੜ ਕੇ ਵਾਰ ਕਰਨਗੀਆਂ ਅਤੇ ਉਨ੍ਹਾਂ ਦੇ ਘਰਾਂ ਵਿੱਚ ਜਾ ਕੇ ਮਾਰਨਗੀਆਂ। ਪਾਕਿਸਤਾਨੀ ਰੱਖਿਆ ਮੰਤਰੀ ਦਾ ਇਹ ਹਮਲਾਵਰ ਬਿਆਨ ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਦੀ ਉਸ ਚਿਤਾਵਨੀ ਤੋਂ ਬਾਅਦ ਆਇਆ ਹੈ, ਜਿਸ ਵਿੱਚ ਉਨ੍ਹਾਂ ਨੇ ਪਾਕਿਸਤਾਨ ਨੂੰ ਕਿਸੇ ਵੀ ਗਲਤੀ ਦਾ 'ਨਿਰਣਾਇਕ' ਜਵਾਬ ਦੇਣ ਦੀ ਗੱਲ ਕਹੀ ਸੀ। ਰਾਜਨਾਥ ਸਿੰਘ ਨੇ ਹਾਲ ਹੀ ਵਿੱਚ ਕੇਰਲ ਵਿੱਚ ਇੱਕ ਸਮਾਗਮ ਦੌਰਾਨ ਪਾਕਿਸਤਾਨ ਨੂੰ ਸਖ਼ਤ ਸਬਕ ਸਿਖਾਉਣ ਦੀ ਚਿਤਾਵਨੀ ਦਿੱਤੀ ਸੀ। ਇਹ ਤਣਾਅ ਪਿਛਲੇ ਸਾਲ ਅਪ੍ਰੈਲ 2025 ਵਿੱਚ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਨਾਲ ਜੁੜਿਆ ਹੋਇਆ ਹੈ, ਜਿਸ ਵਿੱਚ 26 ਬੇਗੁਨਾਹ ਲੋਕਾਂ ਦੀ ਜਾਨ ਗਈ ਸੀ। ਇਸ ਦੇ ਜਵਾਬ ਵਿੱਚ ਭਾਰਤੀ ਫੌਜ ਨੇ 'ਆਪਰੇਸ਼ਨ ਸਿੰਦੂਰ' ਚਲਾਇਆ ਸੀ, ਜਿਸ ਤਹਿਤ ਮਹਿਜ਼ 22 ਮਿੰਟਾਂ ਵਿੱਚ ਪਾਕਿਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿੱਚ ਨੌਂ ਅੱਤਵਾਦੀ ਟਿਕਾਣਿਆਂ ਨੂੰ ਨਸ਼ਟ ਕਰ ਦਿੱਤਾ ਗਿਆ ਸੀ। ਰਾਜਨਾਥ ਸਿੰਘ ਨੇ ਸਪੱਸ਼ਟ ਕੀਤਾ ਸੀ ਕਿ ਇਹ ਆਪਰੇਸ਼ਨ ਅਜੇ ਖਤਮ ਨਹੀਂ ਹੋਇਆ ਹੈ ਅਤੇ ਜੇਕਰ ਪਾਕਿਸਤਾਨ ਨੇ ਫਿਰ ਕੋਈ ਹਰਕਤ ਕੀਤੀ ਤਾਂ ਉਸ ਨੂੰ ਅਜਿਹਾ ਜਵਾਬ ਮਿਲੇਗਾ ਜੋ ਉਹ ਕਦੇ ਨਹੀਂ ਭੁੱਲੇਗਾ। ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਖਵਾਜਾ ਆਸਿਫ ਦਾ ਇਹ ਬਿਆਨ ਪਾਕਿਸਤਾਨ ਦੀ ਅੰਦਰੂਨੀ ਰਾਜਨੀਤੀ ਅਤੇ ਆਰਥਿਕ ਸੰਕਟ ਤੋਂ ਧਿਆਨ ਹਟਾਉਣ ਦੀ ਇੱਕ ਕੋਸ਼ਿਸ਼ ਹੈ। ਪਾਕਿਸਤਾਨ ਇਸ ਵੇਲੇ ਪੱਛਮੀ ਏਸ਼ੀਆ ਵਿੱਚ ਚੱਲ ਰਹੇ ਈਰਾਨ-ਇਜ਼ਰਾਈਲ ਸੰਘਰਸ਼ ਵਿੱਚ ਆਪਣੀ ਭੂਮਿਕਾ ਨੂੰ ਲੈ ਕੇ ਉਤਸ਼ਾਹਿਤ ਮਹਿਸੂਸ ਕਰ ਰਿਹਾ ਹੈ ਅਤੇ ਇਸ ਸਥਿਤੀ ਦਾ ਫਾਇਦਾ ਉਠਾਉਣ ਦੀ ਕੋਸ਼ਿਸ਼ ਵਿੱਚ ਹੈ। ਦੂਜੇ ਪਾਸੇ, ਭਾਰਤ ਨੇ ਆਪਣੀ 'ਜ਼ੀਰੋ ਟੋਲਰੈਂਸ' ਨੀਤੀ ਨੂੰ ਦੁਹਰਾਉਂਦਿਆਂ ਸਾਫ ਕਰ ਦਿੱਤਾ ਹੈ ਕਿ ਅੱਤਵਾਦ ਦੇ ਖਿਲਾਫ ਕਾਰਵਾਈ ਜਾਰੀ ਰਹੇਗੀ।

## ਰਾਘਵ ਚੱਢਾ ਵੱਲੋਂ 'ਆਪ' ਪਾਰਟੀ 'ਤੇ ਤਿੱਖਾ ਹਮਲਾ, ਅੰਦਰੂਨੀ ਕਲੇਸ਼ ਹੋਇਆ ਜਨਤਕ; ਬੋਲੇ- 'ਆਪ' ਦੀ ਮੇਰੇ ਖਿਲਾਫ ਸਕ੍ਰਿਪਟਿਡ ਮੁਹਿੰਮ: 'ਘਾਇਲ ਹਾਂ ਇਸ ਲਈ ਘਾਤਕ'

**ਨਵੀਂ ਦਿੱਲੀ, 4 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਰਾਜ ਸਭਾ ਦੇ ਡਿਪਟੀ ਲੀਡਰ ਦੇ ਅਹੁਦੇ ਤੋਂ ਹਟਾਏ ਜਾਣ ਤੋਂ ਬਾਅਦ, ਸੰਸਦ ਮੈਂਬਰ ਰਾਘਵ ਚੱਢਾ ਨੇ ਜਵਾਬ ਵਿੱਚ ਇੱਕ ਦੂਜਾ ਵੀਡੀਓ ਜਾਰੀ ਕੀਤਾ। ਚੱਢਾ ਨੇ ਕਿਹਾ, "ਕੱਲ੍ਹ ਤੋਂ, ਮੇਰੇ ਵਿਰੁੱਧ ਇੱਕ ਯੋਜਨਾਬੱਧ ਮੁਹਿੰਮ ਚੱਲ ਰਹੀ ਹੈ। ਇੱਕ ਹੀ ਭਾਸ਼ਾ, ਇੱਕ ਹੀ ਸ਼ਬਦ ਅਤੇ ਇੱਕੋ ਜਿਹੇ ਦੋਸ਼ ਲਗਾਏ ਜਾ ਰਹੇ ਹਨ। ਇਹ ਕੋਈ ਸੰਜੋਗ ਨਹੀਂ ਹੈ, ਸਗੋਂ ਇੱਕ ਤਾਲਮੇਲ ਵਾਲਾ ਹਮਲਾ ਹੈ।"



ਉਨ੍ਹਾਂ ਵੱਲੋਂ ਵੀਡੀਓ ਬਿਆਨ ਜਾਰੀ ਕਰਦਿਆਂ ਪਾਰਟੀ ਵੱਲੋਂ ਲਾਏ ਗਏ ਤਿੰਨ ਮੁੱਖ ਦੋਸ਼ਾਂ ਨੂੰ ਸਿਰੇ ਤੋਂ ਨਕਾਰ ਦਿੱਤਾ, ਜਿਨ੍ਹਾਂ ਦੇ ਆਧਾਰ 'ਤੇ ਉਨ੍ਹਾਂ ਨੂੰ ਰਾਜ ਸਭਾ ਵਿੱਚ ਪਾਰਟੀ ਦੇ ਡਿਪਟੀ ਲੀਡਰ ਦੇ ਅਹੁਦੇ ਤੋਂ ਹਟਾਇਆ ਗਿਆ ਸੀ। ਚੱਢਾ ਨੇ ਚੁਣੌਤੀ ਦਿੰਦਿਆਂ ਕਿਹਾ ਕਿ ਪਾਰਟੀ ਇੱਕ ਵੀ ਦੋਸ਼ ਸਾਬਤ ਕਰਕੇ ਦਿਖਾਵੇ। ਰਾਘਵ ਚੱਢਾ ਨੇ ਪਾਰਟੀ ਦੇ ਦੋਸ਼ਾਂ ਦਾ ਦਿੱਤਾ ਜਵਾਬ ਦਿੰਦਿਆਂ ਕਿਹਾ ਕਿ ਉਹ ਵਿਰੋਧੀ ਧਿਰ ਦੇ ਵਾਕਆਊਟ ਦਾ ਸਮਰਥਨ ਨਹੀਂ ਕਰਦੇ, ਚੱਢਾ ਨੇ ਕਿਹਾ ਕਿ ਰਾਜ ਸਭਾ ਦੇ ਸੀਸੀਟੀਵੀ ਕੈਮਰੇ ਚੈੱਕ ਕੀਤੇ ਜਾ ਸਕਦੇ ਹਨ ਜੋ ਸੱਚਾਈ ਬਿਆਨ ਕਰ ਦੇਣਗੇ। ਮੁੱਖ ਚੋਣ ਕਮਿਸ਼ਨਰ ਵਿਰੁੱਧ ਮਹਾਂਦੋਸ਼ ਦੇ ਮਤੇ 'ਤੇ ਦਸਤਖ਼ਤ ਨਾ ਕਰਨ ਦੇ ਦੋਸ਼ 'ਤੇ ਉਨ੍ਹਾਂ ਕਿਹਾ ਕਿ 'ਆਪ' ਦੇ 10 ਵਿੱਚੋਂ 6 ਸੰਸਦ ਮੈਂਬਰਾਂ ਨੇ ਦਸਤਖਤ ਨਹੀਂ ਕੀਤੇ ਸਨ ਕਿਉਂਕਿ ਮਤੇ ਲਈ ਸਿਰਫ਼ 50 ਮੈਂਬਰਾਂ ਦੇ ਦਸਤਖਤ ਹੀ ਕਾਫ਼ੀ ਸਨ। ਉਨ੍ਹਾਂ ਕਿਹਾ ਕਿ ਕਿਸੇ ਵੀ ਆਗੂ ਨੇ ਉਨ੍ਹਾਂ ਕੋਲ ਇਸ ਲਈ ਪਹੁੰਚ ਨਹੀਂ ਕੀਤੀ ਸੀ। ਸਰਕਾਰ ਅਤੇ ਪ੍ਰਧਾਨ ਮੰਤਰੀ ਤੋਂ ਡਰਨ ਦੇ ਦੋਸ਼ 'ਤੇ ਚੱਢਾ ਨੇ ਕਿਹਾ ਕਿ ਉਨ੍ਹਾਂ ਨੇ ਪਿਛਲੇ ਚਾਰ ਸਾਲਾਂ ਵਿੱਚ ਪੰਜਾਬ ਦੇ ਪਾਣੀਆਂ, ਦਿੱਲੀ ਦੇ ਪ੍ਰਦੂਸ਼ਣ ਅਤੇ ਟੈਕਸਾਂ ਵਰਗੇ ਅਹਿਮ ਮੁੱਦੇ ਜ਼ੋਰ-ਸ਼ੋਰ ਨਾਲ ਚੁੱਕੇ ਹਨ। ਚੱਢਾ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਉਹ ਸੰਸਦ ਵਿੱਚ ਟੈਕਸ ਦਾਤਾਵਾਂ ਦੇ ਮੁੱਦੇ ਚੁੱਕਣ ਅਤੇ ਆਪਣਾ ਪ੍ਰਭਾਵ ਛੱਡਣ ਲਈ ਗਏ ਹਨ, ਨਾ ਕਿ 'ਮਾਇਕ ਤੋੜਨ ਅਤੇ ਸ਼ੋਰ ਮਚਾਉਣ' ਲਈ। ਉਨ੍ਹਾਂ 'ਆਪ' ਨੂੰ ਚਿਤਾਵਨੀ ਦਿੱਤੀ ਕਿ ਉਹ ਆਪਣੇ ਖਿਲਾਫ ਫੈਲਾਏ ਜਾ ਰਹੇ ਝੂਠ ਦਾ ਪਰਦਾਫਾਸ਼ ਕਰਨਾ ਜਾਰੀ ਰੱਖਣਗੇ। ਇਸ ਬਿਆਨ ਨੇ ਪਾਰਟੀ ਦੇ ਅੰਦਰੂਨੀ ਕਲੇਸ਼ ਨੂੰ ਹੁਣ ਜਨਤਕ ਤੌਰ 'ਤੇ ਸਿਖਰਾਂ 'ਤੇ ਪਹੁੰਚਾ ਦਿੱਤਾ ਹੈ।

## ਨਾਸਿਕ 'ਚ ਵਾਪਰਿਆ ਦਰਦਨਾਕ ਹਾਦਸਾ; ਖੂਹ 'ਚ ਡਿੱਗੀ ਕਾਰ; ਇੱਕੋ ਪਰਿਵਾਰ ਦੇ 9 ਮੈਂਬਰਾਂ ਦੀ ਮੌਤ



**ਨਾਸਿਕ, 4 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਨਾਸਿਕ ਤੋਂ 40 ਕਿਲੋਮੀਟਰ ਦੂਰ ਡਿੰਡੋਰੀ ਤਾਲੁਕਾ ਦੇ ਸ਼ਿਵਾਜੀਨਗਰ ਇਲਾਕੇ ਵਿੱਚ ਸ਼ੁੱਕਰਵਾਰ ਰਾਤ ਲਗਭਗ 11:30 ਵਜੇ ਇੱਕ ਭਿਆਨਕ ਹਾਦਸਾ ਵਾਪਰਿਆ। ਇੰਦੌਰ ਪਿੰਡ ਦੇ ਰਹਿਣ ਵਾਲੇ ਦਰਗੋਡੇ ਪਰਿਵਾਰ ਦੇ ਨੌਂ ਮੈਂਬਰਾਂ ਦੀ ਉਸ ਸਮੇਂ ਦੁਖਦਾਈ ਮੌਤ ਹੋ ਗਈ ਜਦੋਂ ਇੱਕ ਕਾਰ ਖੂਹ ਵਿੱਚ ਡਿੱਗ ਗਈ। ਇਹ ਸਾਲਾਨਾ ਸਮਾਗਮ ਡਿੰਡੋਰੀ ਦੇ ਸ਼ਿਵਾਜੀਨਗਰ ਦੇ ਰਾਜੇ ਬੈਂਕੁਏਟ ਹਾਲ ਵਿੱਚ ਵਡਜੇ ਕਲਾਸਾਂ ਵੱਲੋਂ ਕਰਵਾਇਆ ਗਿਆ ਸੀ। ਇੰਦੌਰ ਪਿੰਡ ਦੇ ਸੁਨੀਲ ਦੱਤਾਤ੍ਰੇਯ ਦਰਗੋਡੇ ਆਪਣੇ ਪਰਿਵਾਰ ਅਤੇ ਬੱਚਿਆਂ ਨੂੰ ਇਸ ਸਮਾਗਮ ਵਿੱਚ ਲੈ ਕੇ ਆਏ ਸਨ। ਸਮਾਗਮ ਤੋਂ ਬਾਅਦ, ਦਰਗੋਡੇ ਪਰਿਵਾਰ ਡਿੰਡੋਰੀ ਤੋਂ ਕਾਰ ਰਾਹੀਂ ਘਰ ਵਾਪਸ ਆ ਰਿਹਾ ਸੀ ਜਦੋਂ ਡਰਾਈਵਰ ਦਾ ਕੰਟਰੋਲ ਵਿਗੜ ਗਿਆ ਅਤੇ ਕਾਰ ਸੜਕ ਕਿਨਾਰੇ ਇੱਕ ਖੂਹ ਵਿੱਚ ਡਿੱਗ ਗਈ। ਹਾਦਸੇ ਦੀ ਸੂਚਨਾ ਮਿਲਦੇ ਹੀ ਪ੍ਰਸ਼ਾਸਨ, ਪੁਲਿਸ, ਸਮਾਜ ਸੇਵਕ, ਨਗਰ ਪੰਚਾਇਤ ਫਾਇਰ ਬ੍ਰਿਗੇਡ, ਪੁਲਿਸ ਅਤੇ ਆਫ਼ਤ ਪ੍ਰਬੰਧਨ ਟੀਮਾਂ ਮੌਕੇ 'ਤੇ ਪਹੁੰਚੀਆਂ ਅਤੇ ਤੁਰੰਤ ਬਚਾਅ ਕਾਰਜ ਸ਼ੁਰੂ ਕਰ ਦਿੱਤੇ। ਕਿਉਂਕਿ ਖੂਹ ਪੂਰੀ ਤਰ੍ਹਾਂ ਪਾਣੀ ਨਾਲ ਭਰਿਆ ਹੋਇਆ ਸੀ, ਇਸ ਲਈ ਬਚਾਅ ਕਾਰਜਾਂ ਵਿੱਚ ਕਾਫ਼ੀ ਰੁਕਾਵਟਾਂ ਦਾ ਸਾਹਮਣਾ ਕਰਨਾ ਪਿਆ। ਕਾਰ ਨੂੰ ਅੱਧੀ ਰਾਤ ਨੂੰ ਦੋ ਕਰੇਨਾਂ ਦੀ ਮਦਦ ਨਾਲ ਬਾਹਰ ਕੱਢਿਆ ਗਿਆ। ਹਾਦਸੇ ਵਿੱਚ ਕਾਰ ਵਿੱਚੋਂ ਨੌਂ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ, ਜਦੋਂ ਕਿ ਇੱਕ ਕੁੜੀ ਦੀ ਲਾਸ਼ ਲੱਭਣ ਲਈ ਇੱਕ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਗਈ ਹੈ ਜੋ ਕਾਰ ਵਿੱਚੋਂ ਨਿਕਲਣ ਤੋਂ ਬਾਅਦ ਖੂਹ ਵਿੱਚ ਡੁੱਬ ਗਈ ਸੀ। ਮ੍ਰਿਤਕਾਂ ਦੀ ਪਛਾਣ ਸੁਨੀਲ ਦੱਤਾਤ੍ਰੇਯ ਦਰਗੋਡੇ (34), ਉਸਦੀ ਪਤਨੀ ਰੇਸ਼ਮਾ ਸੁਨੀਲ ਦਰਗੋਡੇ (30), ਧੀ ਰਾਖੀ ਉਰਫ਼ ਗੁਣਵੰਤੀ (10), ਅਤੇ ਦੋ ਭਤੀਜੀਆਂ: ਮਾਧੁਰੀ ਅਨਿਲ ਦਰਗੋਡੇ (13) ਅਤੇ ਸ਼ਰਵਣ ਅਨਿਲ ਦਰਗੋਡੇ (11) ਵਜੋਂ ਹੋਈ ਹੈ। ਆਸ਼ਾ ਅਨਿਲ ਦਰਗੋਡੇ (32), ਉਸਦਾ ਪੁੱਤਰ ਸ਼੍ਰੇਯਸ਼ ਅਨਿਲ ਦਰਗੋਡੇ (11), ਧੀ ਸ੍ਰਿਸ਼ਟੀ ਅਨਿਲ ਦਰਗੋਡੇ (14) ਅਤੇ ਭਤੀਜੀ ਸਮ੍ਰਿਧੀ ਰਾਜੇਸ਼ ਦਰਗੋਡੇ (7) ਦੀ ਵੀ ਹਾਦਸੇ ਵਿੱਚ ਮੌਤ ਹੋ ਗਈ। ਡਿੰਡੋਰੀ ਪੁਲਿਸ ਨੇ ਹਾਦਸੇ ਦਾ ਮਾਮਲਾ ਦਰਜ ਕਰਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ।

## ਗੁਰਸਿੱਖ ਔਰਤ ਧੀ ਸਣੇ ਟੈਂਕੀ 'ਤੇ ਚੜ੍ਹੀ, ਹੱਥ 'ਚ ਪੈਟਰੋਲ ਦੀ ਬੋਤਲ, ਪ੍ਰਸ਼ਾਸਨ ਨੂੰ ਦਿੱਤੀ ਵੱਡੀ ਚਿਤਾਵਨੀ



**ਬਰਨਾਲਾ, 4 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਬਰਨਾਲਾ ਦੇ ਪਿੰਡ ਰੂੜੇਕੇ ਕਲਾਂ 'ਚ ਇੱਕ ਬੇਹੱਦ ਚਿੰਤਾਜਨਕ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਇੱਕ ਗੁਰਸਿੱਖ ਔਰਤ ਗੁਰਜੀਤ ਕੌਰ ਆਪਣੀ ਧੀ ਮਨਵੀਰ ਕੌਰ ਦੇ ਨਾਲ ਪਿਛਲੇ 18 ਘੰਟਿਆਂ ਤੋਂ ਪਾਣੀ ਵਾਲੀ ਟੈਂਕੀ 'ਤੇ ਚੜ੍ਹੀ ਹੋਈ ਹੈ ਅਤੇ ਦੋਵੇਂ ਭੁੱਖੀਆਂ-ਪਿਆਸੀਆਂ ਬੈਠੀਆਂ ਹਨ। ਪੀੜਤ ਔਰਤ ਆਪਣੇ ਪਤੀ ਵਲੋਂ ਕੀਤੇ ਜਾ ਰਹੇ ਕਥਿਤ ਅੱਤਿਆਚਾਰਾਂ ਅਤੇ ਪੁਲਸ ਵੱਲੋਂ ਇਨਸਾਫ਼ ਨਾ ਮਿਲਣ ਕਾਰਨ ਪਰੇਸ਼ਾਨ ਹੈ। ਪੀੜਤ ਔਰਤ ਗੁਰਜੀਤ ਕੌਰ ਨੇ ਦੱਸਿਆ ਕਿ ਉਸ ਦੇ ਪਤੀ ਦੇ ਪਹਿਲਾਂ 2 ਵਿਆਹ ਹੋ ਚੁੱਕੇ ਹਨ ਅਤੇ ਉਸ ਨਾਲ ਇਹ ਉਸ ਦੇ ਪਤੀ ਦਾ ਤੀਜਾ ਵਿਆਹ ਹੈ। ਪਤੀ ਦੀ ਪਹਿਲੀ ਪਤਨੀ ਤੋਂ ਔਲਾਦ ਨਹੀਂ ਹੋਈ ਅਤੇ ਦੂਜੀ ਪਤਨੀ ਦੀ ਵੀ ਮੌਤ ਹੋ ਗਈ, ਜਿਸ ਤੋਂ ਬਾਅਦ ਗੁਰਜੀਤ ਕੌਰ ਨੇ ਉਸ ਨਾਲ ਤੀਜਾ ਵਿਆਹ ਕਰਵਾਇਆ। ਉਸ ਦਾ ਕਹਿਣਾ ਹੈ ਕਿ ਉਸ ਦਾ ਪਤੀ ਉਸ ਨਾਲ ਕੁੱਟਮਾਰ ਕਰਦਾ ਹੈ ਅਤੇ ਆਪਣੇ ਘਰਦਿਆਂ ਦੇ ਕਹਿਣ 'ਤੇ ਉਨ੍ਹਾਂ ਨੂੰ ਤੰਗ ਪਰੇਸ਼ਾਨ ਕਰਦਾ ਹੈ। ਮਾਂ-ਧੀ ਆਪਣੇ ਹੱਥਾਂ 'ਚ ਪੈਟਰੋਲ ਦੀ ਬੋਤਲ ਲੈ ਕੇ ਟੈਂਕੀ 'ਤੇ ਚੜ੍ਹੀਆਂ ਹੋਈਆਂ ਹਨ ਅਤੇ ਖ਼ੁਦਕੁਸ਼ੀ ਦੀ ਚਿਤਾਵਨੀ ਦੇ ਰਹੀਆਂ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਉਨ੍ਹਾਂ ਨੇ ਪੂਰੀ ਰਾਤ ਮੀਂਹ 'ਚ ਟੈਂਕੀ ਦੇ ਉੱਪਰ ਬਿਨਾਂ ਕੁੱਝ ਖਾਧੇ-ਪੀਤੇ ਗੁਜ਼ਾਰੀ ਹੈ। ਟੈਂਕੀ ਦੇ ਹੇਠਾਂ ਪੀੜਤ ਔਰਤ ਦੀ ਮਾਂ ਵੀ ਬੈਠੀ ਹੈ, ਜੋ ਆਪਣੀ ਧੀ ਅਤੇ ਦੋਹਤੀ ਲਈ ਇਨਸਾਫ਼ ਦੀ ਗੁਹਾਰ ਲਗਾ ਰਹੀ ਹੈ। ਪੀੜਤ ਪਰਿਵਾਰ ਨੇ ਦੋਸ਼ ਲਾਇਆ ਹੈ ਕਿ ਪੁਲਸ ਪ੍ਰਸ਼ਾਸਨ ਕੋਈ ਕਾਰਵਾਈ ਕਰਨ ਦੀ ਬਜਾਏ ਉਨ੍ਹਾਂ ਨੂੰ ਹੀ ਧਮਕਾ ਰਿਹਾ ਹੈ। ਹੁਣ ਤੱਕ ਕੋਈ ਸੀਨੀਅਰ ਪੁਲਸ ਅਧਿਕਾਰੀ ਮੌਕੇ 'ਤੇ ਨਹੀਂ ਪਹੁੰਚਿਆ ਹੈ, ਜਿਸ ਕਾਰਨ ਮਾਂ-ਧੀ ਨੇ ਮਹਿਲਾ ਕਮਿਸ਼ਨ ਨੂੰ ਇਸ ਮਾਮਲੇ 'ਚ ਤੁਰੰਤ ਦਖ਼ਲ ਦੇਣ ਦੀ ਅਪੀਲ ਕੀਤੀ ਹੈ ਤਾਂ ਜੋ ਉਨ੍ਹਾਂ ਨੂੰ ਇਨਸਾਫ਼ ਮਿਲ ਸਕੇ।

ੴ ਸਤਿਗੁਰ ਪ੍ਰਸਾਦਿ

ਗੁਰਮੁਖਿ ਜਨਮ ਸਵਾਰ ਦਰਗਹਿ ਚਲਿਆ। ਸਚੀ ਦਰਗਹ ਜਾਇ ਸਚਾ ਪਿੜ ਮਲਿਆ॥

# ਪਹਿਲੀ ਬਰਸੀ ਦਾ ਸਮਾਗਮ

# First Barsi (First Anniversary Memorial Service)



## ਸਵ. ਬੀਬੀ ਹਰਪ੍ਰੀਤ ਕੌਰ ਬੱਲ

## Sardani Harpreet Kaur Bal

ਪੰਥਕ ਹਲਕਿਆਂ ਵਿੱਚ ਜਾਣੀ-ਪਹਿਚਾਣੀ ਸ਼ਖਸ਼ੀਅਤ ਅਤੇ Sikh Federation (UK) ਦੇ ਪ੍ਰਧਾਨ ਭਾਈ ਪਰਮਿੰਦਰ ਸਿੰਘ ਬਲ ਜੀ ਦੀ ਸਿੰਘਣੀ ਬੀਬੀ ਹਰਪ੍ਰੀਤ ਕੌਰ ਬੱਲ ਜੀ, ਜੋ ਪਿਛਲੇ ਸਾਲ ਸਦੀਵੀ ਵਿਛੋੜਾ ਦੇ ਗਏ ਸਨ, ਉਹਨਾਂ ਦੀ ਪਵਿੱਤਰ ਯਾਦ ਵਿੱਚ ਪਹਿਲੀ ਬਰਸੀ ਦਾ ਸਮਾਗਮ ਮਨਾਇਆ ਜਾ ਰਿਹਾ ਹੈ।

**ਤਾਰੀਖ: 5 ਅਪ੍ਰੈਲ 2026 (ਦਿਨ ਐਤਵਾਰ)**

**ਸਮਾਂ: ਦੁਪਹਿਰ 12:00 ਵਜੇ ਤੋਂ 2:00 ਵਜੇ ਤੱਕ**

ਸਥਾਨ: Gurdwara Sri Guru Singh Sabha, Park Avenue, Southall.
(ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਪਾਰਕ ਐਵਨਿਊ, ਸਾਊਥਾਲ)

•ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ •ਗੁਰਬਾਣੀ ਕੀਰਤਨ •ਅਰਦਾਸ

• ਸਮਾਗਮ ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤਣਗੇ

ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਪਰਿਵਾਰ ਸਮੇਤ ਹਾਜ਼ਰੀ ਭਰ ਕੇ ਬੀਬੀ ਹਰਪ੍ਰੀਤ ਕੌਰ ਜੀ ਦੀ ਪਵਿੱਤਰ ਯਾਦ ਵਿੱਚ ਹੋ ਰਹੇ ਅਰਦਾਸ ਸਮਾਗਮ ਵਿੱਚ ਸ਼ਾਮਲ ਹੋ ਕੇ ਅਸੀਸਾਂ ਦੇ ਭਾਗੀ ਬਣੋ ਜੀ।

**ਬੇਨਤੀ ਕਰਤਾ:**
**ਹਰਮੀਤ ਸਿੰਘ ਬੱਲ, ਜਗਜੀਤ ਕੌਰ ਬੱਲ, ਭਵਨਪ੍ਰੀਤ ਕੌਰ ਸੰਧੂ**

By the Grace of the True Guru
First Barsi (First Anniversary Memorial Service)
In loving memory of our beloved mother
Sardani Harpreet Kaur Bal
We humbly invite you to join us for a memorial service in her cherished memory.

**Sunday, 5th April 2026, 12:00 noon – 2:00 pm**

Programme:
* Sri Sukhmani Sahib Path, * Gurbani Kirtan * Ardas
* Followed by Guru Ka Langar

Venue : Gurdwara Sri Guru Singh Sabha, Park Avenue, Southall, Middlesex

Your presence with family and friends will be deeply appreciated as we gather to remember and honour her life.

**With humble request from:**
Harmeet Singh Bal, Jagjeet Kaur Bal, Bhavanpreet Kaur Sandhu

**Contact: +44 7771 608363**

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death

Sant Jarnail Singh Ji Khalsa Bhindranwale

www.damdamitaksal.net



ਧੁਰਕੀ ਸ਼ਬਦੁ ਸਚੀ ਟਕਸਾਲ ॥ ਦਮਦਮੀ ਟਕਸਾਲ

ਨਾਮ ਜਪੋ / ਕਿਰਤ ਕਰੋ / ਵੰਡ ਛੱਕੋ — Naam Japo / Kirat Karo / Vand Shako

ਜਥਾ ਭਿੰਡਰਾਂ (ਮਹਿਤਾ)

www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥ WAHEGURU JI KA KHALSA WAHEGURU JI KI FATEH

**ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ**

Khande Bate di Pahul Shak Ke Guru Wale Bano

**ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ**

Join Gurbani Santhia and Gurmat Sikhia

**ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ**

Learn Kirtan Katha Kavishri and Dhadi Waran

**ਗੁਰਮੁਖੀ ਪੰਜਾਬੀ ਸਿੱਖੋ**

Learn Gurmukhi Punjabi

**ਗਤਕਾ ਸਿੱਖੋ** Learn Gatka

www.damdamitaksal.net



# ਆਵਾਜ਼ਿ ਕੌਮ

Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I

Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


ਦੇਗ ਤੇਗ ਫ਼ਤਿਹ – ਪੰਥ ਕੀ ਜੀਤ

ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥

## ਧੰਨ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਤੇ ਮਾਤਾ ਸਾਹਿਬ ਕੌਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ



ਧੰਨ-ਧੰਨ ਮਾਤਾ ਸਾਹਿਬ ਕੌਰ ਜੀ

# ਗੁਰਮਤਿ ਸਮਾਗਮ

## 1 ਨਵੰਬਰ 2026, ਦਿਨ ਐਤਵਾਰ ਨੂੰ

ਬੱਬਰਾਂ ਦੇ ਹਾਈ ਕੋਰਟ ਗੁਰਦੁਆਰਾ ਸ਼ਹੀਦਾਂ, ਜੱਸੋਵਾਲ ਵਿਖੇ

ਬੜੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ।



ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ

ਲੜੀ ਅਰੰਭ ਸ੍ਰੀ ਅਖੰਡ ਪਾਠ ਸਾਹਿਬ -20 ਅਕਤੂਬਰ, ਮੰਗਲਵਾਰ, ਸਵੇਰੇ 10 ਵਜੇ

ਲੜੀ ਭੋਗ ਸ੍ਰੀ ਅਖੰਡ ਪਾਠ ਸਾਹਿਬ -1 ਨਵੰਬਰ, ਐਤਵਾਰ, ਸਵੇਰੇ 9 ਵਜੇ



ਜੋੜ ਮੇਲੇ ਵਿੱਚ ਸਿੰਘ ਸਾਹਿਬਾਨ, ਦਮਦਮੀ ਟਕਸਾਲ, ਸੰਤ ਮਹਾਂਪੁਰਸ਼, ਸੰਪਰਦਾਵਾਂ ਦੇ ਮੁਖੀ, ਨਿਹੰਗ ਸਿੰਘ ਜਥੇਬੰਦੀਆਂ, ਸ਼੍ਰੋਮਣੀ ਕਮੇਟੀ ਮੈਂਬਰ, ਨਿਰਮਲੇ, ਉਦਾਸੀ, ਧਾਰਮਿਕ, ਕਿਸਾਨ ਆਗੂ, ਹਰ ਪਾਰਟੀ ਦੇ ਸਿਆਸੀ ਲੀਡਰ, ਇੰਟਰਨੈਸ਼ਨਲ ਪੰਥਕ ਦਲ ਯੂ.ਕੇ. ਅਤੇ ਭਾਰਤ ਦੇ ਸਮੂਹ ਅਹੁਦੇਦਾਰ ਅਤੇ ਨਾਮਵਰ ਰਾਗੀ-ਢਾਡੀ-ਕਵੀਸ਼ਰ ਜਥੇ ਪਹੁੰਚ ਰਹੇ ਹਨ।

**ਨੋਟ : ਇਹ ਸਮਾਗਮ 13 ਦਿਨ ਚੱਲੇਗਾ**

ਸਮੂਹ ਸੰਗਤ ਨੂੰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਗੁਰੂ ਦੇ ਲੰਗਰ ਅਤੇ ਚਾਹ ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ।

ਬੇਨਤੀ ਕਰਤਾ **ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ 98141-27470**

**ਜਥੇਦਾਰਨੀ ਬੀਬੀ ਸੁਰਿੰਦਰ ਕੌਰ 73408-35137**

**ਦਮਦਮੀ ਟਕਸਾਲ ਵਾਲੇ ਅੰਤਰਰਾਸ਼ਟਰੀ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦੱਲ**

ਜਾਰੀ ਕਰਤਾ : ਭਾਈ ਜਰਨੈਲ ਸਿੰਘ ਢਿੱਲੋਂ, ਬੀਬੀ ਅਰਸ਼ਪ੍ਰੀਤ ਕੌਰ 84278-66404, ਜ: ਹਰਜੋਤ ਸਿੰਘ ਢਿੱਲੋਂ, ਜ: ਮਹਿਤਾਬ ਸਿੰਘ ਢਿੱਲੋਂ

ਸੰਪਰਕ ਨੰਬਰ 84278-66404


Vehicle360
Professional Car Repairs & Servicing
West Bromwich
CAR SERVICES – ALL MAKES & MODELS
FREE VEHICLE HEALTH CHECK
Full & Interim Servicing
Diagnostics & Fault Finding
Clutches & Gearboxes
Timing Chains & Cambelts
DPF & Engine Repairs
Brakes, Suspension & Exhausts
Experienced mechanics
(7–10 years)
Honest advice & fair pricing
Quality / OEM parts used
CALL NOW: 0121 269 9586
12 Ridgacre Rd, West Bromwich, B71 1DB
Your local trusted garage
ਆਵਾਜ਼ਿ ਕੌਮ AWAZE QAUM
International Newspaper & WEB TV


ਲੜੀਵਾਰ ਗੁਰਬਾਣੀ ਕਥਾ ਵਿਚਾਰ
ਗੁਰਦੁਆਰਾ ਬੰਗਲਾ ਸਾਹਿਬ, ਦਿਲੀ
4 ਅਪ੍ਰੈਲ 2026 (ਸਨੀਵਾਰ)
ਸਵੇਰੇ 7:30ਤੋ 8:30 ਵਜੇ ਤੱਕ
Live on CHARDIKLA TIME TV
ਗੁਰਦੁਆਰਾ ਸੀਸ ਗੰਜ ਸਾਹਿਬ, ਦਿਲੀ
5 ਅਪ੍ਰੈਲ 2026 (ਐਤਵਾਰ)
ਸਵੇਰੇ 7:30ਤੋ 8:30 ਵਜੇ ਤੱਕ
Live on PTC SIMRAN
ਪੰਥ ਪ੍ਰਸਿੱਧ ਸਿੱਖ ਪ੍ਰਚਾਰਕ
ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ ਧਰਮ ਪ੍ਰਚਾਰ HSGMC
ਸੰਗਤਾਂ ਨਾਲ਼ ਗੁਰਬਾਣੀ ਸ਼ਬਦ ਵਿਚਾਰ ਦੀ
ਸਾਂਝ ਪਾਉਣਗੇ
ਸੰਪਰਕ ਨੰਬਰ:
9356060960,9814015740
ਆਵਾਜ਼ਿ ਕੌਮ AWAZE QAUM
International Newspaper & WEB TV

ਸੱਚ ਕਦੇ ਛੁਪਦਾ ਨਹੀਂ, ਤੇ ਸਿਧਾਂਤ ਕਦੇ ਵਿਕਦੇ ਨਹੀਂ !

# ਸੱਚ ਦੇ ਕਾਫ਼ਲੇ ਕਦੇ ਰੁਕਿਆ ਨਹੀਂ ਕਰਦੇ - ਮਨਪ੍ਰੀਤ ਸਿੰਘ ਇਆਲੀ



**ਚੰਡੀਗੜ੍ਹ, 4 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**- ਸੀਨੀਅਰ ਅਕਾਲੀ ਆਗੂ ਮਨਪ੍ਰੀਤ ਸਿੰਘ ਇਆਲੀ ਨੇ ਕਿਹਾ ਹੈ ਕਿ ਰਾਜਨੀਤੀ ਵਿੱਚ ਇਲਜ਼ਾਮ ਲਗਾਉਣਾ ਆਸਾਨ ਹੁੰਦਾ ਹੈ, ਪਰ ਸੱਚ ਦੀ ਰਾਹ 'ਤੇ ਅਡੋਲ ਖੜ੍ਹਨਾ ਸਭ ਤੋਂ ਔਖਾ ਕੰਮ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਉਹ ਹਮੇਸ਼ਾ ਸੱਚ ਅਤੇ ਸਿਧਾਂਤਾਂ ਦੀ ਰਾਹ 'ਤੇ ਚੱਲਦੇ ਰਹਿਣਗੇ ਅਤੇ ਕਿਸੇ ਵੀ ਦਬਾਅ ਅੱਗੇ ਨਹੀਂ ਝੁਕਣਗੇ। ਉਨ੍ਹਾਂ ਕਿਹਾ ਕਿ ਉਹ ਪਹਿਲਾਂ ਵੀ ਸਪਸ਼ਟ ਕਰ ਚੁੱਕੇ ਹਨ ਅਤੇ ਅੱਜ ਫਿਰ ਦੁਹਰਾਉਂਦੇ ਹਨ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਅਨੁਸਾਰ ਪੰਥ ਦੀ ਭਲਾਈ ਅਤੇ ਪੰਜਾਬ ਦੀ ਚੜ੍ਹਦੀ ਕਲਾ ਲਈ ਨਿਰਸੁਆਰਥ ਤੌਰ 'ਤੇ ਕੰਮ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਮਕਸਦ ਕਿਸੇ ਅਹੁਦੇ ਜਾਂ ਕੁਰਸੀ ਦੀ ਪ੍ਰਾਪਤੀ ਨਹੀਂ, ਬਲਕਿ ਕੌਮ ਦੀਆਂ ਮਹਾਨ ਸੰਸਥਾਵਾਂ ਦੀ ਮਰਿਆਦਾ ਨੂੰ ਬਹਾਲ ਕਰਨਾ ਹੈ। ਮਨਪ੍ਰੀਤ ਸਿੰਘ ਇਆਲੀ ਨੇ ਕਿਹਾ ਕਿ ਜਦੋਂ ਵੀ ਪੰਥਕ ਸੰਸਥਾਵਾਂ ਅਤੇ ਪਾਰਟੀ ਵਿੱਚ ਸੁਧਾਰ ਦੀ ਗੱਲ ਕੀਤੀ ਜਾਂਦੀ ਹੈ, ਤਾਂ ਸਿਸਟਮ 'ਤੇ ਕਾਬਜ਼ ਧਿਰਾਂ ਵੱਲੋਂ ਚਿੱਕੜ ਉਛਾਲ ਕੇ ਸੱਚ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਹ ਤਰੀਕੇ ਸੱਚ ਨੂੰ ਲੰਮੇ ਸਮੇਂ ਲਈ ਰੋਕ ਨਹੀਂ ਸਕਦੇ। ਉਨ੍ਹਾਂ ਹੋਰ ਕਿਹਾ ਕਿ ਸੱਚ ਦੇ ਰਸਤੇ 'ਤੇ ਚੱਲਦਿਆਂ ਕਈ ਵਾਰ ਆਪਣੇ ਵੀ ਸਾਥ ਛੱਡ ਜਾਂਦੇ ਹਨ, ਪਰ ਉਨ੍ਹਾਂ ਦਾ ਇਰਾਦਾ ਚੱਟਾਨ ਵਾਂਗ ਮਜ਼ਬੂਤ ਹੈ। "ਸਾਨੂੰ ਇਸ ਗੱਲ ਦੀ ਕੋਈ ਪਰਵਾਹ ਨਹੀਂ ਕਿ ਕੌਣ ਸਾਡੇ ਨਾਲ ਖੜ੍ਹਦਾ ਹੈ ਜਾਂ ਨਹੀਂ, ਅਸੀਂ ਪੰਥ ਅਤੇ ਪੰਜਾਬ ਦੇ ਹਿੱਤਾਂ ਲਈ ਆਖਰੀ ਦਮ ਤੱਕ ਡਟੇ ਰਹਾਂਗੇ," ਉਨ੍ਹਾਂ ਦ੍ਰਿੜਤਾ ਨਾਲ ਕਿਹਾ।

ਆਵਾਜ਼ਿ ਕੌਮ AWAZE QAUM International Newspaper & WEB TV

ਚੁਨੌਤੀਆਂ ਦੇ ਹਾਣ ਦਾ ਪੰਥਕ ਜਜ਼ਬਾ ਅਤੇ ਇਖਲਾਕ ਸਿਰਜ ਕੇ ਹੀ

# ਪੰਥਕ ਟੀਚੇ ਹਾਸਲ ਹੋ ਸਕਦੇ ਹਨ - ਭਾਈ ਅਮਰੀਕ ਸਿੰਘ ਮੁਕਤਸਰ



**ਜੇਕਰ** ਅਸੀਂ ਆਪਣੀ ਰਾਜਨੀਤੀ,ਧਰਮ ਅਤੇ ਸੱਭਿਆਚਾਰ ਵਿੱਚ ਆ ਰਹੇ ਨੈਤਿਕ ਅਤੇ ਬੌਧਿਕ ਨਿਘਾਰ ਬਾਰੇ ਸਮੇਂ ਰਹਿੰਦਿਆਂ ਸਿਰ ਜੋੜ ਕੇ ਗੰਭੀਰ ਚਿੰਤਨ ਕਰਨ ਤੋਂ ਬਾਅਦ ਇਸ ਦੇ ਹੱਲ ਲਈ ਕਾਰਜਸ਼ੀਲ ਨਾ ਹੋਏ ਤਾਂ ਬਹੁਤ ਦੇਰ ਹੋ ਜਾਵੇਗੀ ।ਅੱਜ ਸਾਡੇ ਕੋਲ ਕੋਈ ਇੱਕ ਵੀ ਕਾਰਜਸ਼ੀਲ ਸ਼ਖ਼ਸੀਅਤ ਜਾਂ ਸੰਸਥਾ ਨਹੀਂ ਬਚੀ ਜੋ ਇਸ ਨੈਤਿਕ ਨਿਘਾਰ ਦੇ ਸਮੇਂ ਵਿੱਚ ਪ੍ਰਭਾਵੀ ਸਾਬਤ ਹੋ ਸਕੇ ।ਰਾਜਨੀਤੀ ਅਤੇ ਧਾਰਮਿਕ ਖੇਤਰ ਦੀ ਮੂਹਰਲੀ ਕਤਾਰ ਵਿੱਚ ਸਰਗਰਮ ਲੋਕਾਂ ਵਿੱਚੋਂ ਬਹੁਤਾਂਤ ਸਿਰੇ ਦੀ ਹੱਦ ਤੱਕ ਸਵਾਰਥੀ,ਕੁਰਪਟ ,ਲਾਲਚੀ,ਖ਼ੁਦਗਰਜ਼ ,ਅਤੇ ਬਦਚਲਨ ਹੋ ਚੁੱਕੇ ਹਨ । ਜੋ ਥੋੜ੍ਹੇ ਬਹੁਤ ਇਮਾਨਦਾਰ ਹੋਣ ਦਾ ਦਾਅਵਾ ਕਰਦੇ ਹਨ ,ਉਹ ਹੱਦ ਦਰਜੇ ਦੇ ਹਉਮੈਗ੍ਰਸਤ ਅਤੇ ਆਪ-ਮੁਹਾਰੇਪਣ ਦਾ ਸ਼ਿਕਾਰ ਹਨ ।ਪੰਜਾਬ ਵਿੱਚਲੇ ਸਾਡੇ ਜੱਥੇਬੰਦਕ ਢਾਂਚਿਆਂ ਨੂੰ ਸਰਕਾਰੀ ਏਜੰਸੀਆਂ ਨੇ ਅਜਿਹੇ ਨਾਗ-ਵੱਲ ਪਾਏ ਹੋਏ ਹਨ ਕਿ ਇਸ ਸਥਿਤੀ ਵਿੱਚ ਇਹਨਾਂ ਢਾਂਚਿਆਂ ਵਿੱਚ ਹੋਣ ਵਾਲੇ ਫ਼ੈਸਲੇ ਸਰਕਾਰੀ ਪ੍ਰਭਾਵ ਤੋਂ ਆਜ਼ਾਦ ਨਹੀਂ ਹੋ ਸਕਦੇ ਹਨ । ਇਹੋ ਕਾਰਨ ਹੈ ਕਿ ਸਾਡੇ ਵੱਲੋਂ ਲਾਏ ਮੋਰਚੇ ਅਤੇ ਜੱਥੇਬੰਦਕ ਚਾਰਾਜੋਈਆਂ ਕੋਈ ਵੀ ਟੀਚਾ ਹਾਸਲ ਨਹੀ ਕਰ ਪਾਉਂਦੇ । ਵਿਦੇਸ਼ਾਂ ਵਿੱਚਲੀ ਸਥਿਤੀ ਪੰਜਾਬ ਨਾਲੋਂ ਵੀ ਨਾਜ਼ੁਕ ਹੈ ।ਪੰਜਾਬੀ ਮੀਡੀਏ ,ਕਬੱਡੀ ਕਲੱਬਾਂ ,ਗੁਰਦੁਆਰਾ ਕਮੇਟੀਆਂ ਅਤੇ ਸਿਆਸੀ ਦਫ਼ਤਰਾਂ ਵਿੱਚ ਭਾਰਤੀ ਏਜੰਸੀਆਂ ,ਡਰੱਗ ਡੀਲਰਾਂ ਅਤੇ ਜਰਾਇਮਪੇਸ਼ਾਂ ਲੋਕਾਂ ਦਾ ਮਲਬਾ ਪੂਰੀ ਤਰ੍ਹਾਂ ਭਾਰੀ ਹੈ ।ਇੱਥੋ ਤੱਕ ਕਿ ਖਾਲਿਸਤਾਨੀ ਸਿਆਸਤ ਦਾ ਭਾਰੂ ਹਿੱਸਾ ਵੀ ਇਹਨਾਂ ਅਨਸਰਾਂ ਦੀ ਭੇਟ ਚੜ੍ਹ ਚੁੱਕਾ ਹੈ । ਗੁਰਦੁਆਰਿਆਂ ਕਮੇਟੀਆਂ ਦੀਆਂ ਲੜਾਈਆਂ ਤੋਂ ਇਲਾਵਾ ਧਾਰਮਿਕ ਮਤਭੇਦਾਂ ਕਾਰਨ ਉਪਜੀ ਸਾਡੀ ਆਪਸੀ ਫੁੱਟ ਨੇ ਗਲਤ ਅਤੇ ਸਰਕਾਰੀ ਅਨਸਰਾਂ ਦੀ ਸਾਡੇ ਜੱਥੇਬੰਦਕ ਢਾਂਚਿਆਂ ਵਿੱਚ ਘੁਸਪੈਠ ਆਸਾਨ ਬਣਾਈ ਹੋਈ ਹੈ । ਇਹੋ ਕਾਰਨ ਹੈ ਕਿ ਏਕਤਾ ਜਾਂ ਕਿਸੇ ਚੰਗੇ ਕਾਜ਼ ਲਈ ਕੋਈ ਯਤਨ ਆਰੰਭ ਕਰ ਲਵੋ,ਇਹ ਘੁਸਪੈਠੀਏ ਅਜਿਹੀ ਕਿਸੇ ਕੋਸ਼ਿਸ਼ ਨੂੰ ਤਾਰਪੀਡੋ ਕਰਨ ਦੀਆਂ ਸਾਜ਼ਿਸ਼ਾਂ ਆਰੰਭ ਕਰ ਦਿੰਦੇ ਹਨ ।ਸਿੱਖਾਂ ਵਿੱਚ ਆ ਚੁੱਕੇ ਬੌਧਿਕ ਅਤੇ ਨੈਤਿਕ ਨਿਘਾਰ ਕਾਰਨ ਇਹਨਾਂ ਸਾਜ਼ਿਸ਼ਾਂ ਖਿਲਾਫ਼ ਜੂਝਣ ਦੇ ਉਸ ਪੁਰਾਣੇ ਜਜ਼ਬੇ ਦੀ ਕਮੀ ਵੀ ਸਥਿਤੀ ਨੂੰ ਹੋਰ ਗੁੰਝਲਦਾਰ ਬਣਾ ਦਿੰਦੀ ਹੈ । ਇਹ ਗੱਲ ਨਹੀਂ ਕਿ ਸਿੱਖਾਂ ਵਿੱਚ ਇਮਾਨਦਾਰ ਅਤੇ ਸਮਰਪਿਤ ਲੋਕ ਬਿਲਕੁਲ ਖਤਮ ਹੋ ਗਏ ਹਨ ।ਪਰ ਇਮਾਨਦਾਰ ਅਤੇ ਸਮਰਪਿਤ ਲੋਕ ਵੀ ਵੱਖ-ਵੱਖ ਧੜਿਆਂ ਵਿੱਚ ਵੰਡੇ ਹੋਏ ਹਨ ਅਤੇ ਇਹਨਾਂ ਵਿੱਚੋਂ ਬਹੁਤਾਂਤ ਵਸੀਲਿਆਂ ਦੀ ਘਾਟ ਕਾਰਨ ਫੈਸਲਾਕੁਨ ਜੱਥੇਬੰਦਕ ਪੁਜੀਸ਼ਨਾਂ ਤੱਕ ਪਹੁੰਚ ਹੀ ਨਹੀ ਪਾਉਂਦੇ ਹਨ । ਇਸ ਪਦਾਰਥਵਾਦੀ ਯੁੱਗ ਨੇ ਸਿੱਖ ਪੰਥ ਦੀ ਰਵਾਇਤੀ ਰਾਜਸੀ ਅਤੇ ਧਾਰਮਿਕ ਪਛਾਣ ਨੂੰ ਧੁੰਦਲਾ ਕਰ ਦਿੱਤਾ ਹੈ ।ਸਿੱਖ ਆਗੂਆਂ ਅਤੇ ਕਾਰਕੁੰਨਾਂ ਦੇ ਦਾਅਵਿਆਂ ਵਿੱਚ ਸਿੱਖ ਸਿਧਾਂਤ,ਇਤਿਹਾਸ ਅਤੇ ਰਵਾਇਤਾਂ ਦੇ ਹਵਾਲੇ ਅਸੀਂ ਅਕਸਰ ਸੁਣਦੇ ਹਾਂ,ਪਰ ਉਹਨੇ ਦੇ ਦਾਅਵੇ ਉਹਨਾਂ ਦੇ ਅਮਲਾਂ ਨਾਲ ਮੇਲ ਨਹੀਂ ਖਾਂਦੇ ਹਨ । ਸਿੱਖ ਆਗੂਆਂ ਦਾ ਇੱਕ ਵਰਗ ਦਹਾਕਿਆਂ ਤੋਂ ਪੰਥਕ ਪਛਾਣ ਦੇ ਬੈਨਰ ਥੱਲੇ ਸਵਾਰਥਾਂ ਦੀ ਰਾਜਨੀਤੀ ਤੋਂ ਕੌਮਘਾਤ ਦੀ ਰਾਜਨੀਤੀ ਦਾ ਸਫ਼ਰ ਤਹਿ ਕਰਦਾ ਹੋਇਆ,ਆਪਣੀ ਇਖਲਾਕੀ ਮੌਤ ਤੱਕ ਪੁੱਜ ਚੁੱਕਾ ਹੈ । ਜੁਝਾਰੂ ਅਤੇ ਕੁਰਬਾਨੀਆਂ ਦੀ ਵਿਰਾਸਤ ਉੱਪਰ ਆਪਣੀ ਰਾਜਨੀਤੀ ਕਰਨ ਦਾ ਦਾਅਵਾ ਕਰਨ ਵਾਲੀ ਵੰਨਗੀ ਵੀ ਕੌਮ ਵਿੱਚ ਆਪਣਾ ਵਿਸ਼ਵਾਸ ਗਵਾ ਚੁੱਕੀ ਹੈ ।ਸਿੱਖ ਪੰਥ ਦੀ ਇਹ ਜੁਝਾਰੂ ਧਾਰਾ ਸਮਕਾਲੀ ਪੰਥਕ ਸਰੋਕਾਰਾਂ ਨੂੰ ਵਿਸਾਰ ਕੇ ਕੇਵਲ ਨਾਅਰੇ ਦੀ ਸਿਆਸਤ ਤਕ ਸਿਮਟ ਗਈ ਹੈ ।ਪਿਛਲੇ ਦਹਾਕਿਆਂ ਦੇ ਇਤਿਹਾਸ ਨੇ ਇਸ ਧਾਰਾ ਨੂੰ ਅਜਿਹੇ ਕਈ ਮੌਕੇ ਪ੍ਰਦਾਨ ਕੀਤੇ ਕਿ ਉਹ ਮਜਬੂਰ ਜੱਥੇਬੰਦਕ ਤਾਕਤ ਬਣ ਕੇ ਰਾਜਸੀ ਅਤੇ ਧਾਰਮਿਕ ਖੇਤਰ ਵਿੱਚ ਮੁਕਾਬਲਤਨ ਚੰਗੇ ਦੇ ਹਾਲਾਤ ਸਿਰਜ ਸਕਦੇ ਸਨ । ਪਰ ਸਿਆਸੀ ਕਾਬਲੀਅਤ ਅਤੇ ਆਪਸੀ ਇਤਫ਼ਾਕ ਦੀ ਕਮੀ ਕਾਰਨ ਉਹਨਾਂ ਉਹ ਸਾਰੇ ਮੌਕੇ ਗਵਾ ਲਏ ਹਨ । ਭਵਿੱਖ ਵਿੱਚ ਰਵਾਇਤੀ ਅਤੇ ਗਰਮਦਲੀ ਸਿਆਸਤ ਦੇ ਸਥਾਪਤ ਧੜਿਆਂ ਅਤੇ ਆਗੂਆਂ ਤੋਂ ਕੋਈ ਵੱਡੀ ਆਸ ਰੱਖਣੀ,ਕਿਸੇ ਹੋਰ ਨਿਰਾਸ਼ਤਾ ਨੂੰ ਜਨਮ ਦੇਵੇਗੀ ।ਪਰ ਮੁਕਾਬਲਤਨ ਚੰਗੇ ਦਾ ਟੀਚਾ ਰੱਖ ਕੇ ਕਿਸੇ ਮਜ਼ਬੂਤ ਪੰਥਕ ਮੁਹਾਜ਼ ਦੀ ਸਥਾਪਤੀ ਦੇ ਯਤਨ ਜਾਰੀ ਰਹਿਣੇ ਚਾਹੀਦੇ ਹਨ । ਸਿੱਖਾਂ ਵਿੱਚ ਆ ਚੁੱਕੇ ਨੈਤਿਕ ਅਤੇ ਬੌਧਿਕ ਨਿਘਾਰ ਦੇ ਹੱਲ ਲਈ ਇਖਲਾਕ ਦੀ ਬੁਲੰਦੀ ਵਾਲੀਆਂ ਰੂਹਾਂ ਨੂੰ ਇੱਕ ਹੋਰ ਸਿੱਖ ਲਹਿਰ ਸਿਰਜਣੀ ਪਵੇਗੀ। ਚੁਨੌਤੀਆਂ ਦੇ ਹਾਣ ਦਾ ਪੰਥਕ ਜਜ਼ਬਾ ਅਤੇ ਇਖਲਾਕ ਸਿਰਜ ਕੇ ਹੀ ਪੰਥਕ ਟੀਚਿਆਂ ਦੀ ਪ੍ਰਾਪਤੀ ਹੋ ਸਕਦੀ ਹੈ ।

ਆਵਾਜ਼ਿ ਕੌਮ AWAZE QAUM International Newspaper & WEB TV

ਪੰਥਕ ਪਾਰਟੀ ਹੋਣ ਦਾ ਦਾਅਵਾ ਕਰਨ ਵਾਲਿਆ ਵੱਲੋਂ

# ਤਾਸ਼ ਖੇਡਣ ਅਤੇ ਕਬੂਤਰਾਂ ਬਾਜੀ ਕਰਵਾਉਣ ਵਾਲੇ ਐਲਾਨ ਗੁਰਮਤਿ ਵਿਰੋਧੀ ਗੱਲਾਂ ਹਨ : ਪੰਜੋਲੀ




**ਫਤਿਹਗੜ ਸਾਹਿਬ, 4 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇਦਾਰ ਕਰਨੈਲ ਸਿੰਘ ਪੰਜੋਲੀ ਨੇ ਕਿਹਾ ਕਿ ਮੁੱਖ ਮੰਤਰੀ ਦੀ ਕੁਰਸੀ ਲਈ ਤਰਲੋਮੱਛੀ ਹੋ ਰਹੇ ਸਰਦਾਰ ਸੁਖਬੀਰ ਸਿੰਘ ਬਾਦਲ ਵੱਲੋ ਤਾਸ਼ ਖੇਡਣ ਅਤੇ ਕਬੂਤਰ ਬਾਜ਼ੀ ਦੇ ਮੁੱਕਾਬਲੇ ਕਰਾਉਣ ਦੇ ਐਲਾਨ ਗੁਰਮਤਿ ਵਿਰੋਧੀ ਗੱਲਾਂ ਹਨ । ਜਥੇਦਾਰ ਪੰਜੋਲੀ ਨੇ ਕਿਹਾ ਕਿ ਸਾਡੇ ਬਜ਼ੁਰਗਾ ਨੇ ਸ਼੍ਰੋਮਣੀ ਅਕਾਲੀ ਦੱਲ ਗੁਰਮਤਿ ਦਾ ਪ੍ਰਚਾਰ ਅਤੇ ਮਨਮਤਿ ਦਾ ਪ੍ਰਹਾਰ ਕਰਨ ਲਈ ਬਣਾਇਆ ਸੀ ਨਾ ਕਿ ਜੂਆ ਖੇਡਣ ਦੀ ਪ੍ਰੇਰਣਾ ਦੇਣ ਲਈ । ਸ਼੍ਰੋਮਣੀ ਅਕਾਲੀ ਦੱਲ ਦੇ ਪ੍ਰਧਾਨ ਬਾਬਾ ਖੜਕ ਸਿੰਘ ਤੋ ਲੈ ਕੇ ਸਰਦਾਰ ਸੁਰਜੀਤ ਸਿੰਘ ਬਰਨਾਲਾ ਤੱਕ ਹਰ ਪ੍ਰਧਾਨ ਅੰਮ੍ਰਿਤ ਛਕਾਉਣ ਵੇਲੇ ਪੰਜ ਪਿਆਰਿਆਂ ਵਿੱਚ ਸੇਵਾ ਨਿਭਾਉਂਦੇ ਰਹੇ ਹਨ । ਗੁਰਮਤਿ ਦੇ ਰੰਗ ਵਿੱਚ ਰੰਗੇ ਹੋਏ ਇਹਨਾ ਆਗੂਆਂ ਦੀ ਅਗਵਾਈ ਵਿੱਚ ਭਾਵੇ ਸ਼੍ਰੋਮਣੀ ਅਕਾਲੀ ਦੱਲ ਦੀ ਕਦੀ ਸਰਕਾਰ ਨਹੀ ਬਣ ਸਕੀ ਪ੍ਰੰਤੂ ਸ਼੍ਰੋਮਣੀ ਅਕਾਲੀ ਦੱਲ ਹਮੇਸ਼ਾ ਚੜਦੀਆਂ ਕਲਾ ਵਿੱਚ ਰਿਹਾ ਅਤੇ ਪੰਥ ਵਿਰੋਧੀ ਸਰਕਾਰਾਂ ਅਤੇ ਪੰਥ ਵਿਰੋਧੀ ਸ਼ਕਤੀਆਂ ਨਾਲ ਹਮੇਸ਼ਾ ਟੱਕਰ ਲੈਂਦਾ ਰਿਹਾ ਹੈ । ਜਥੇਦਾਰ ਪੰਜੋਲੀ ਨੇ ਕਿਹਾ ਕਿ ਪੰਜਾਬ ਨੂੰ ਪੰਥਕ ਏਜੰਡੇ ਦੀ ਲੋੜ ਹੈ ਨਾ ਕਿ ਜੂਆ ਖੇਡਣ ਵਾਲੇ ਏਜੰਡੇ ਰਾਹੀਂ ਪੰਜਾਬ ਦੀ ਨੌਜੂਆਨ ਪੀੜੀ ਨੂੰ ਨਸੇੜੀ ਬਣਾਉਣ ਦੀ । ਸੁਖਬੀਰ ਸਿੰਘ ਬਾਦਲ ਦਾ ਇਹ ਦਾਅਵਾ ਬਿਲਕੁਲ ਖੋਖਲਾ ਹੈ ਕਿ ਮੈਂ ਕਬੱਡੀ ਕਰੋੜਾਂ ਦੀ ਕਰ ਦਿੱਤੀ ਜਦ ਕਿ ਸੱਚ ਇਹ ਹੈ ਕਿ ਇਸ ਨਾਲ ਗੈਂਗਸਟਰਵਾਦ ਪੈਦਾ ਹੋਇਆ ਅਤੇ ਹੁਣ ਇਸ ਖੇਡ ਨੂੰ ਮਾਫੀਆ ਗੈਂਗ ਚਲਾ ਰਿਹਾ ਹੈ ਅਤੇ ਕਿਤੇ ਨਾ ਕਿਤੇ ਕਬੱਡੀ ਮੈਚਾਂ ਦੁਰਾਨ ਮਾਵਾਂ ਦੇ ਪੁੱਤ ਇਸ ਖੇਡ ਦੀ ਭੇਟ ਵੀ ਚੜ ਰਹੇ ਹਨ । ਜਿੱਥੇ ਪੰਜਾਬ ਚਲਾ ਗਿਆ , ਇਸ ਨੂੰ ਬੇਗਮਪੁਰੇ ਵਰਗਾ ਹਲੇਮੀ ਰਾਜ ਸਥਾਪਤ ਕਰਨ ਵਾਲੇ ਏਜੰਡੇ ਦੀ ਜ਼ਰੂਰਤ ਹੈ ਨਾ ਕਿ ਲੋਕ ਲਭਾਊ ਸਕੀਮਾਂ ਰਾਹੀਂ ਇੱਕ ਖੋਖਲਾ ਰਾਜ ਸਥਾਪਤ ਕਰਨ ਦੀ । ਜਥੇਦਾਰ ਪੰਜੋਲੀ ਨੇ ਕਿਹਾ ਕਿ ਇੱਕ ਵਾਰ ਸਿੱਖਾਂ ਨੇ , ਗੁਰੂ ਪਾਤਸ਼ਾਹ ਜੀ ਨੂੰ ਪੁੱਛਿਆ ਸੀ ਕਿ ਪਾਤਸ਼ਾਹ ਜੀ , ਨਸ਼ਾ ਕਿਹੜਾ ਮਾੜਾ ਹੈ , ਗੁਰੂ ਸਾਹਿਬ ਜੀ ਨੇ ਕਿਹਾ ਸੀ ਕਿ ਭਾਈ ਨਸ਼ਾ ਤਾ ਰੋਟੀ ਦਾ ਵੀ ਮਾੜਾ ਹੈ । ਬਾਦਲ ਸਾਹਿਬ ਤਾਸ਼ ਅਤੇ ਕਬੂਤਰਬਾਜੀ ਰਾਹੀਂ ਲੋਕਾਂ ਨੂੰ ਨਸੇੜੀ ਬਣਾਕੇ ਕਿਹੜੀ ਪੰਥਕ ਸੇਵਾ ਕਰ ਰਹੇ ਹਨ । ਬੇਗਮਪੁਰੇ ਦੇ ਹਲੇਮੀ ਰਾਜ ਦਾ ਏਜੰਡਾ ਪੜੋ ਜਿਸ ਵਿੱਚ ਗੁਰਮਤਿ ਦੇ ਸਿਧਾਂਤ ਦੀ ਖੁਸ਼ਬੂ ਆਉਂਦੀ ਹੈ । ਅਫ਼ਸੋਸ ਇਸ ਗੱਲ ਦਾ ਵੀ ਹੈ ਕਿ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਅਤੇ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਦਾਅਵਾ ਹੈ ਸ਼੍ਰੋਮਣੀ ਅਕਾਲੀ ਦੱਲ ਪੰਥਕ ਪਾਰਟੀ ਹੈ , ਪੰਥਕ ਪਾਰਟੀ ਦਾ ਪ੍ਰਧਾਨ ਗੁਰਮਤਿ ਵਿਰੋਧੀ ਗੱਲਾਂ ਕਰੀ ਜਾ ਰਿਹਾ ਹੈ,ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੋਟਿਸ ਲੈਣ ਦੀ ਜੁਰਅਤ ਨਹੀਂ ਕਰ ਰਹੇ । ਫਿਰ ਕੁਰਾਹੇ ਪੈ ਰਹੀ ਇਸ ਲੀਡਰਸ਼ਿੱਪ ਨੂੰ ਗੁਰਮਤਿ ਦੀ ਪੱਗਡੰਡੀ ਦੇ ਰਾਹ ਉੱਤੇ ਕੌਣ ਤੋਰੇਗਾ । ਨਾਮਧਾਰੀ ਠਾਕੁਰ ਦਲੀਪ ਸਿੰਘ ਲਲਕਾਰ ਲਲਕਾਰ ਕੇ ਕਹਿ ਰਿਹਾ ਹੈ ਕਿ ਸ਼ਬਦ ਗੁਰੂ ਸ੍ਰੀ ਗ੍ਰੰਥ ਸਾਹਿਬ ਜੀ ਤਾ ਇੱਕ ਕਿਤਾਬ ਹੈ ਅਤੇ ਅੱਜ ਪੰਜ ਕਕਾਰਾਂ ਦੀ ਸਿੱਖਾਂ ਨੂੰ ਕੋਈ ਜ਼ਰੂਰਤ ਨਹੀਂ । ਪ੍ਰੰਤੂ ਗੜਗੱਜ ਸਾਹਿਬ ਵੋਟ ਤਵਾਜ਼ਨ ਵੇਖਦੇ ਹੋਏ ਨਾਮਧਾਰੀ ਠਾਕਰ ਦਲੀਪ ਸਿੰਘ ਵਿਰੁੱਧ ਨੋਟਿਸ ਲੈਣ ਦੀ ਦਲੇਰੀ ਨਹੀ ਕਰ ਰਹੇ । ਮੈਂਨੂੰ ਲੱਗਦਾ ਹੈ ਕਿ ਜਥੇਦਾਰ ਕੁੱਲਦੀਪ ਸਿੰਘ ਜੀ ਗੱੜਗੱਜ ਸਾਹਿਬ ਨੇ ਇਹ ਮੰਨ ਲਿਆ ਹੈ ਕਿ ਮੈ ਇੱਕ ਮੁਲਾਜ਼ਮ ਹਾ ਅਤੇ ਇਸ ਪਦਵੀ ਉੱਤੇ ਬਿਠਾਉਣ ਵਾਲਿਆ ਦੀ ਇੱਛਾ ਪੂਰਤੀ ਲਈ ਕੰਮ ਕਰਨ ਨਾਲ ਹੀ ਇਹ ਪਦਵੀ ਕਾਇਮ ਰਹਿ ਸਕਦੀ ਹੈ । ਬਦਕਿਸਮਤੀ ਤਾ ਇਹ ਹੈ ਨੀਲੀਆ ਪੱਗਾਂ, ਗਾਤਰੇ ਕਿਰਪਾਨ ਪਾ ਕੇ, ਸੋਹਣੀਆ ਚਿੱਟੀਆਂ ਦਾੜੀਆ ਵਾਲੇ ਜਥੇਦਾਰ ਵੀ ਸੁਖਬੀਰ ਸਿੰਘ ਬਾਦਲ ਦਾ ਕੂੜ ਪ੍ਰਚਾਰ ਸੁਣਕੇ ਜੈਕਾਰੇ ਛੱਡੀ ਜਾ ਰਹੇ ਹਨ । ਦੂਜਾ ਦੁਖਦਾਇਕ ਪਹਿਲੂ ਇਹ ਵੀ ਹੈ ਕਿ ਆਪਣੇ ਆਪ ਨੂੰ ਪੰਥਕ ਕਹਾਊਣ ਵਾਲੀਆ ਧਿਰਾ ਵੀ ਹਊਮੇ , ਖੁਦਗਰਜੀ ਅਤੇ ਪਰਿਵਾਰਵਾਦ ਵਿੱਚ ਉਸੇ ਤਰਾ ਫਸੀਆਂ ਪਈਆਂ ਹਨ ਜਿਵੇ ਬਾਦਲ ਦੱਲ ਫਸਿਆ ਹੋਇਆ ਹੈ , ਪੰਥ ਦਾ ਦਰਦ ਰੱਖਣ ਵਾਲੇ ਸਿੱਖ ਕਿਧਰ ਜਾਣ।

ਆਵਾਜ਼ਿ ਕੌਮ AWAZE QAUM International Newspaper & WEB TV

# ਵਾਤਾਵਰਣ ਸੁਰੱਖਿਆ ਤਹਿਤ ਸਕੂਲ ਕੈਂਪਸ ਵਿੱਚ ਬੂਟੇ ਲਗਾਏ



**ਪਟਿਆਲਾ, 4 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਸੇਵਿਅਰ ਕਲੱਬ (ਰਜਿ) ਪਟਿਆਲਾ 'ਵਾਤਾਵਰਨ ਦੀ ਸੁਰੱਖਿਆ' ਨੂੰ ਗੰਭੀਰਤਾ ਨਾਲ ਲੈਂਦੇ ਹੋਏ ਲਗਾਤਾਰ ਗਤੀਵਿਧੀਆਂ ਕਰਨ ਵਿੱਚ ਮਸ਼ਰੂਫ ਹੈ ।ਹਾਲ ਹੀ ਦੇ ਵਿੱਚ ਕਲੱਬ ਵੱਲੋਂ ਸਰਕਾਰੀ ਮਿਡਲ ਸਕੂਲ ਬਖਸ਼ੀਵਾਲਾ (ਪਟਿਆਲਾ—3) ਦੇ ਵਿੱਚ ਵੱਖ—ਵੱਖ ਤਰ੍ਹਾਂ ਦੇ ਬੂਟੇ ਲਗਾਏ ਗਏ ਹਨ ।ਇਹਨਾਂ ਬੂਟਿਆਂ ਵਿੱਚ ਤੂਤ, ਨਿੰਮ, ਹੀਬੀਸ਼ਕਸ਼, ਦੇਸੀ ਗੁਲਾਬ, ਸੁਹੰਜਨਾ, ਜਾਮਣ, ਡੇਕ ਆਦਿ ਸ਼ਾਮਿਲ ਸਨ। ਇਸ ਪ੍ਰੋਗਰਾਮ ਸਮੇਂ ਸੇਵਿਅਰ ਕਲੱਬ ਦੇ ਪ੍ਰਮੁੱਖ ਅਹੁੱਦੇਦਾਰ ਪਵਨ ਗਰਗ ਅਤੇ ਚਮਨ ਸ਼ਰਮਾ ਨੇ ਕਿਹਾ ਕਿ ਮਨੁੱਖ ਦੁਆਰਾ ਦਰੱਖਤਾਂ ਦੀ ਲਗਾਤਾਰ ਕਟਾਈ ਕਰਨ ਨਾਲ ਵਾਤਾਵਰਨ ਦਾ ਸੰਤੁਲਨ ਵਿਗੜ ਰਿਹਾ ਹੈ ।ਜੇਕਰ ਇਸ ਪ੍ਰਤਿ ਜਲਦੀ ਗੌਰ ਨਾ ਕੀਤੀ ਗਈ ਤਾਂ ਇਸਦੇ ਨਤੀਜੇ ਬਹੁਤ ਮਾੜੇ ਆਉਣਗੇ ।ਉਹਨਾਂ ਕਿਹਾ ਕਿ ਕਲੱਬ ਦੁਆਰਾ ਵੱਖ—ਵੱਖ ਵਿਦਿਅਕ ਅਤੇ ਹੋਰ ਸੰਸਥਾਵਾਂ ਵਿੱਚ ਬੂਟਿਆਂ ਨੂੰ. ਲਗਾਉਣ ਸੰਬੰਧੀ ਸਹਿਮਤੀ ਮੰਗੀ ਜਾਂਦੀ ਹੈ ।ਫਿਰ ਸਹਿਮਤੀ ਦੇਣ ਵਾਲੀਆਂ ਸੰਸਥਾਵਾਂ ਵਿੱਚ ਬੂਟੇ ਲਗਾਏ ਜਾਂਦੇ ਹਨ ।ਉਹਨਾਂ ਸਕੂਲ ਦੇ ਬੱਚਿਆਂ ਨੂੰ ਪਿੰਡ ਅਤੇ ਆਪਣੇ ਘਰਾਂ ਵਿੱਚ ਬੂਟੇ ਲਗਾਉਣ ਦੇ ਲਈ ਜਾਗਰੂਕ ਕੀਤਾ। ਸਕੂਲ ਦੇ ਇੰਚਾਰਜ ਸੁਧੀਰ ਸ਼ਰਮਾ ਨੇ ਕਲੱਬ ਦੇ ਸਰਗਰਮ ਮੈਂਬਰਾਂ ਪਵਨ ਗਰਗ, ਚਮਨ ਸ਼ਰਮਾ, ਰਾਜ ਸਿੰਘ, ਅਵਤਾਰ ਸਿੰਘ ਅਤੇ ਪਰਮਵੀਰ ਸਿੰਘ ਦਾ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਤੇ ਰੋਮਾ ਸ਼ਰਮਾ, ਗੁਰਸਿਮਰਨਪਾਲ ਕੌਰ, ਗੁਰਵਿੰਦਰ ਸਿੰਘ ਆਦਿ ਅਧਿਆਪਕ ਹਾਜ਼ਰ ਸਨ। ਇੱਥੇ ਜ਼ਿਕਰਯੋਗ ਹੈ ਕਿ ਕਲੱਬ ਵੱਲੋਂ ਵਾਤਾਵਰਨ ਦੀ ਸੁਰੱਖਿਆ ਦੇ ਤਹਿਤ ਹਰ ਐਤਵਾਰ ਸਫਾਈ ਅਭਿਆਨ ਵੇਲੇ ਪਲਾਸਟਿਕ ਦਾ ਕਚਰਾ ਹਟਾਇਆ ਜਾ ਰਿਹਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

# ਮਲਕੀਤ ਸਿੰਘ ਗੁਰੂ ਨੂੰ ਵੱਖ-ਵੱਖ ਆਗੂਆਂ ਨੇ ਕੀਤੀ ਸਰਧਾਂਜਲੀ ਭੇਂਟ

**ਧੂਰੀ ( ਰਣਜੀਤ ਸਿੰਘ ਪੇਧਨੀ )**-ਇੱਥੋਂ ਨੇੜਲੇ ਪਿੰਡ ਹਸਨਪੁਰ ਤੋਂ ਗੁਰਮੇਲ ਸਿੰਘ ਦੇ ਸਪੁੱਤਰ ਮਲਕੀਤ ਸਿੰਘ ਅਚਾਨਕ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ ਸਨ, ਪਰਿਵਾਰ ਵੱਲੋਂ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਸਹਿਜ ਪਾਠ ਆਰੰਭ ਕਰਵਾਏ ਗਏ। ਜਿਨ੍ਹਾਂ ਦੇ ਭੋਗ ਉਪਰੰਤ ਸੰਤ ਬਾਬਾ ਭਰਭੂਰ ਸਿੰਘ ਵੱਲੋਂ ਕੀਰਤਨ ਦੀ ਹਾਜਰੀ ਭਰੀ ਗਈ। ਮਲਕੀਤ ਸਿੰਘ ਗੁਰੂ ਨੂੰ ਸਰਧਾਂਜਲੀ ਭੇਂਟ ਕਰਨ ਵਾਲਿਆਂ ਵਿੱਚ ਜਥੇਦਾਰ ਨਾਥ ਸਿੰਘ ਹਮੀਦੀ ਹਲਕਾ ਇੰਚਾਰਜ ਸ਼੍ਰੋਮਣੀ ਅਕਾਲੀ ਦਲ ਮਹਿਲ ਕਲਾਂ, ਰਣਜੀਤ ਸਿੰਘ ਰੰਧਾਵਾ ਹਲਕਾ ਇੰਚਾਰਜ ਸ਼੍ਰੋਮਣੀ ਅਕਾਲੀ ਦਲ ਧੂਰੀ,ਹਰਚੰਦ ਕੌਰ ਘਨੌਰੀ ਕਲਾਂ ਸਾਬਕਾ ਵਿਧਾਇਕ, ਡਾਕਟਰ ਕਰਨਵੀਰ ਸਿੰਘ ਘਨੌਰੀ ਕਲਾਂ ਸਪੋਕਸਮੈਨ ਅਕਾਲੀ ਦਲ,ਸਾਧੂ ਸਿੰਘ ਪੇਧਨੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਰਾਜਿੰਦਰ ਸਿੰਘ ਰਾਜੂ ਠੀਕਰੀਵਾਲ ਕਾਂਗਰਸ ਆਗੂ,ਧੰਨਾ ਸਿੰਘ ਰਿਟਾਇਰਡ ਥਾਣੇਦਾਰ, ਹਰਬਖ਼ਸ਼ ਸਿੰਘ ਰਿਟਾਇਰਡ ਥਾਣੇਦਾਰ, ਬਲਵੀਰ ਸਿੰਘ ਰਿਟਾਇਰਡ ਥਾਣੇਦਾਰ, ਜਗਸੀਰ ਸਿੰਘ ਕੈਰੇ, ਕਰਮਜੀਤ ਸਿੰਘ ਸਾਬਕਾ ਸਰਪੰਚ ਘਨੌਰੀ ਕਲਾਂ,ਬਾਬਾ ਭਰਭੂਰ ਸਿੰਘ ਜੀ ਸੇਖਾ, ਸੁਰਜੀਤ ਸਿੰਘ ਰਾਜੋਮਾਜਰਾ ਆਗੂ ਆਮ ਆਦਮੀ ਪਾਰਟੀ, ਸਰਪੰਚ ਰਵਿੰਦਰ ਕੁਮਾਰ ਰਿੰਕਾ ਹਸਨਪੁਰ, ਸੁਰਿੰਦਰ ਕੌਰ ਬਾਲੀਆਂ ਕਾਂਗਰਸੀ ਆਗੂ,ਭਾਨ ਸਿੰਘ ਜੱਸੀ ਪੇਧਨੀ ਸਮਾਜ ਸੇਵੀ, ਜਸਵੀਰ ਸਿੰਘ ਭਲਵਾਨ, ਮਲਕੀਤ ਸਿੰਘ ਚੰਗਾਲ ਮੈਂਬਰ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ, ਬਾਮਸੇਫ ਆਗੂ ਸਰਦਾਰ ਦਰਸ਼ਨ ਸਿੰਘ ਜੀ ਘਨੌਰੀ ਕਲਾਂ, ਡਾਕਟਰ ਸਰਬਜੀਤ ਸਿੰਘ ਖੇੜੀ ਪ੍ਰਧਾਨ ਬਹੁਜਨ ਸਮਾਜ ਪਾਰਟੀ ਜ਼ਿਲ੍ਹਾ, ਸਤਗੁਰ ਸਿੰਘ ਕੌਹਰੀਆਂ ਜ਼ਿਲ੍ਹਾ ਪ੍ਰਧਾਨ ਸੰਗਰੂਰ, ਅੰਮ੍ਰਿਤ ਥਲੇਸ, ਐਡਵੋਕੇਟ ਜਗਸੀਰ ਸਿੰਘ ਥਲੇਸਾ, ਡਾਕਟਰ ਜਗਜੀਵਨ ਸਿੰਘ ਜੀ Retd. DHO. ਸ੍ਰ ਦਰਸ਼ਨ ਸਿੰਘ ਬਾਜਵਾ ਬੁੱਧੀਜੀਵੀ ਜ਼ਿਲ੍ਹਾ ਜਥੇਬੰਦਕ ਸਕੱਤਰ, ਡਾਕਟਰ ਸੋਮਾ ਸਿੰਘ ਗੰਡੇਵਾਲ ਹਲਕਾ ਇੰਚਾਰਜ ਮਹਿਲ ਕਲਾਂ,ਸ੍ਰ ਦਰਸ਼ਨ ਸਿੰਘ ਘਨੌਰੀ ਕਲਾਂ Retd. SDO pspcl ਸ੍ਰ ਬਲਵਿੰਦਰ ਸਿੰਘ ਕਿਸਾਨ ਆਗੂ ਬਸਪਾ ਅਤੇ ਸ੍ਰ ਨਿੱਕਾ ਸਿੰਘ ਹਸਨਪੁਰ,ਹਰਜੀਤ ਸਿੰਘ ਹਸਨਪੁਰੀ, ਕਰਮਜੀਤ ਸਿੰਘ ਮਲੇਰਕੋਟਲਾ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਭਗਵੰਤ ਮਾਨ ਦੀ ਸਰਕਾਰ ਦੇ ਚਾਰ ਸਾਲਾਂ 'ਚ ਕੀਤੇ ਲੋਕ ਭਲਾਈ ਕੰਮਾਂ ਤੋਂ ਲੋਕ ਖੁਸ਼: ਕਾਂਝਲਾ




**ਧੂਰੀ ( ਰਣਜੀਤ ਸਿੰਘ ਪੇਧਨੀ )**-ਸੀ ਐਮ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਚ ਚੱਲ ਰਹੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪਿਛਲੇ ਚਾਰ ਸਾਲਾਂ ਵਿੱਚ ਬਹੁਤ ਹੀ ਵਧੀਆ ਕੰਮ ਕੀਤੇ ਹਨ ਜਿਸ ਨਾਲ ਹਰੇਕ ਵਰਗ ਨੂੰ ਪੂਰੀ ਤਰਾਂ ਨਾਲ ਖੁਸ਼ ਨਜ਼ਰ ਆ ਰਹੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਰਜਿੰਦਰ ਸਿੰਘ ਕਾਂਝਲਾ ਮੈਂਬਰ ਜਿਲ੍ਹਾ ਪ੍ਰੀਸ਼ਦ ਪਿੰਡ ਕੱਕੜਵਾਲ ਵਿਖੇ ਸਪੀਕਰ ਪਰੋਗਰਾਮ ਤਹਿਤ ਸਰਪੰਚ ਜਗਜੀਤ ਸਿੰਘ ਕੱਕੜਵਾਲ ਦੀ ਅਗਵਾਈ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਨੇ ਕੀਤਾ। ਉਹਨਾਂ ਸਰਕਾਰ ਦੇ ਹੁਣ ਤੱਕ ਦੇ ਪ ਲੋਕ ਭਲਾਈ ਯੋਜਨਾਵਾਂ ਤੇ ਲੋਕ ਭਲਾਈ ਸਹੂਲਤਾਂ ਬਾਰੇ ਵਿਚਾਰ ਚਰਚਾ ਕੀਤੀ ਇਸ ਮੌਕੇ ਉਹਨਾਂ ਦੱਸਿਆ ਕਿ ਸਾਡੀਆਂ ਮਾਵਾਂ, ਭੈਣਾਂ ਅਤੇ ਧੀਆਂ ਲਈ ਸਤਿਕਾਰਯੋਗ ਯੋਜਨਾ ਸਕੀਮ ਦੇ ਫਾਰਮ ਸਰਕਾਰ ਦੀਆਂ ਹਦਾਇਤ ਮੁਤਾਬਕ ਕਿਸ ਤਰ੍ਹਾਂ ਭਰੇ ਜਾਣੇ ਹਨ ਤੇ ਉਨ੍ਹਾਂ ਹੈਲਪਲਾਈਨ ਨੰਬਰ ਬਾਰੇ ਵੀ ਦੱਸਿਆ। ਉਨ੍ਹਾਂ ਕਿਹਾ ਕਿ ਪੰਜਾਬ ਦੀ ਜਨਤਾ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਪਾਰਟੀ ਦੀ ਸਰਕਾਰ ਦੇ ਚਾਰ ਸਾਲਾਂ ਦੇ ਕਾਰਜਕਾਲ ਤੋਂ ਪਰੀ ਤਰ੍ਹਾਂ ਨਾਲ ਖੁਸ਼ ਹੈ। ਕਿਉਂਕਿ ਸਰਕਾਰ ਲੋਕਾਂ ਦੀਆਂ ਉਮੀਦਾਂ ਤੇ ਪੂਰੀ ਤਰ੍ਹਾਂ ਨਾਲ ਖਰੀ ਉਤਰੀ ਹੈ ਉਨ੍ਹਾਂ ਕਿਹਾ ਕਿ ਪਿੰਡਾਂ ਦੀਆਂ ਲਿੰਕ ਸੜਕਾਂ ਨੂੰ ਚੌੜਾ ਕਰਨਾ, ਮੁਫ਼ਤ ਬਿਜਲੀ, ਆਟਾ ਦਾਲ ਸਕੀਮ, ਮੁਫ਼ਤ ਬੀਬੀਆਂ ਲਈ ਬੱਸ ਯਾਤਰਾ, ਪੈਨਸ਼ਨ ਸਕੀਮ, ਸਗਨ ਸਕੀਮ ਅਤੇ ਹੋਰ ਸਹੂਲਤਾਂ ਦੇਣ ਚ ਕਾਮਯਾਬ ਹੋਈ ਹੈ। ਇਹ ਸਾਰੀਆਂ ਸਹੂਲਤਾਂ ਲੈਣ ਵਾਲੇ ਲੋਕ ਇੱਕ ਵਾਰ ਮੁੜ ਪੰਜਾਬ ਚ ਸ ਭਗਵੰਤ ਸਿੰਘ ਮਾਨ ਦੀ ਅਗਵਾਈ ਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣਗੇ। ਇਸ ਮੌਕੇ ਆਪ ਆਗੂ ਦਵਿੰਦਰ ਸਿੰਘ, ਆਪ ਆਗੂ ਅਰਸ ਧੂਰੀ, ਹਰਦੀਪ ਸਿੰਘ, ਨਵਜੋਤ ਕੌਰ, ਮੱਖਣ ਕਾਂਝਲਾ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

### ਸੇਂਟ ਸੋਲਜਰ ਇਲੀਟ ਕੌਨਵੈਂਟ ਸਕੂਲ ਜੰਡਿਆਲਾ ਗੁਰੂ ਨੇ ਸਕੂਲ ਦੇ

# 29ਵੇਂ ਸਥਾਪਨਾ ਦਿਵਸ ਨੂੰ ਸਮਰਪਿਤ ਧਾਰਮਿਕ ਸਮਾਗਮ ਕਰਵਾਇਆ






**ਜੰਡਿਆਲਾ ਗੁਰੂ, 4 ਅਪ੍ਰੈਲ ( ਕੁਲਵੰਤ ਸਿੰਘ ਵਿਰਦੀ )**-ਸੇਂਟ ਸੋਲਜਰ ਇਲੀਟ ਕੌਨਵੈਂਟ ਸਕੂਲ ਜੰਡਿਆਲਾ ਗੁਰੂ ਦਾ 29ਵਾਂ ਸਥਾਪਨਾ ਦਿਵਸ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਸਬੰਧ ਵਿੱਚ ਮਿਤੀ 2 ਅਪ੍ਰੈਲ ਨੂੰ ਸਕੂਲ ਦੇ ਗੁਰਦੁਆਰਾ ਸਾਹਿਬ ਵਿੱਚ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ। ਜਿਨਾਂ ਦੇ ਭੋਗ 4 ਅਪ੍ਰੈਲ ਦਿਨ ਸ਼ਨੀਵਾਰ ਨੂੰ ਪਾਏ ਗਏ ੳਪਰੰਤ ਸਕੂਲ ਦੇ ਸ਼ਾਨਦਾਰ ਆਡੋਟੋਰੀਅਮ ਵਿੱਚ ਕੀਰਤਨ ਦਰਬਾਰ ਕਰਵਾਇਆ ਗਿਆ ।ਜਿਸ ਵਿੱਚ ਸਕੂਲ ਦੇ ਬੱਚਿਆਂ ਨੇ ਰਸ ਭਿੰਨਾ ਗੁਰਬਾਣੀ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ।ਇਸ ਮੌਕੇ ਤੇ ਸੰਤ ਬਾਬਾ ਪਰਮਾਨੰਦ ਜੀ ਮੁੱਖ ਸੇਵਾਦਾਰ ਗੁਰਦੁਆਰਾ ਗੁਰੂ ਬਾਬਾ ਹੁੰਦਲ ਜੀ ਵਿਸ਼ੇਸ਼ ਤੌਰ ਤੇ ਪਹੁੰਚੇ। ਜਿਨਾਂ ਨੇ ਆਪਣੇ ਅਨਮੋਲ ਬਚਨਾਂ ਰਾਹੀਂ ਸੰਗਤਾਂ ਨੂੰ ਆਸ਼ੀਰਵਾਦ ਦਿੱਤਾ। ਇਸ ਮੌਕੇ ਤੇ ਸ਼੍ਰੀਮਤੀ ਅਮਨਦੀਪ ਕੌਰ ਡਾਇਰੈਕਟਰ ਸੇਂਟ ਸੋਲਜਰ ਇਲੀਟ ਕੈਂਬਰਿਜ ਸਕੂਲ ਰਾਮ ਤੀਰਥ ਰੋਡ ਅੰਮ੍ਰਿਤਸਰ, ਸ਼੍ਰੀਮਤੀ ਹਰਜਿੰਦਰ ਪਾਲ ਕੌਰ, ਸੇਂਟ ਸੋਲਜਰ ਇਲੀਟ ਕਾਨਵੇਂਟ ਸਕੂਲ ਮਜੀਠਾ , ਡਾਕਟਰ ਰੁਪਿੰਦਰ ਪਾਲ ਸਿੰਘ,ਡਾ: ਹਰਜਿੰਦਰ ਸਿੰਘ,ਸ:ਬਲਵਿੰਦਰ ਸਿੰਘ ਭੋਲਾ,ਸ.ਅਵਤਾਰ ਸਿੰਘ ਕਾਲਾ, ਸ. ਜਰਨੈਲ ਸਿੰਘ ਸ, ਹਰਦੇਵ ਸਿੰਘ, ਸ਼੍ਰੀ ਰਜਨੀਸ਼ ਜੈਨ, ਸ੍ਰੀ ਗੁਲਸ਼ਨ ਜੈਨ, ਸ. ਬਲਦੇਵ ਸਿੰਘ ਗਾਂਧੀ,ਸ.ਬਲਵਿੰਦਰ ਸਿੰਘ.ਸ.ਅਰਸ਼ਦੀਪ ਸਿੰਘ ਸ. ਅਜੇਪਾਲ ਸਿੰਘ ਕਨੇਡਾ, ਸ਼੍ਰੀਮਤੀ ਗੁਨੀਤ ਕੌਰ, ਸ. ਸਵਿੰਦਰ ਸਿੰਘ ਚੰਦੀ , ਅਤੇ ਬੱਚਿਆਂ ਦੇ ਮਾਪੇ ਵੀ ਵਿਸ਼ੇਸ਼ ਤੌਰ ਤੇ ਪਹੁੰਚੇ। ਸੇਂਟ ਸੋਲਜਰ ਸਕੂਲ ਦੇ ਮੈਨੇਜਰ ਡਾਇਰੈਕਟਰ ਡਾ. ਮੰਗਲ ਸਿੰਘ ਕਿਸ਼ਨਪੁਰੀ ਜੀ ਅਤੇ ਪ੍ਰਿੰਸੀਪਲ ਡਾ.ਅਮਰਪ੍ਰੀਤ ਕੌਰ ਜੀ ਨੇ ਆਈਆਂ ਹੋਈਆਂ ਸੰਗਤਾਂ ਨੂੰ ਜੀ ਆਇਆ ਕਹਿੰਦਿਆਂ ਉਹਦਾ ਦਾ ਧੰਨਵਾਦ ਕੀਤਾ । ਇਸ ਮੌਕੇ ਤੇ ਆਈਆਂ ਸੰਗਤਾਂ ਨੂੰ ਗੁਰੂ ਕਾ ਅਤੁਟ ਲੰਗਰ ਵਰਤਾਇਆ ਗਿਆ।

### ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਪਿੰਡ ਮੱਖਣਵਿੰਡੀ, ਬਾਬਾ ਜੱਸ ਹਵੇਲੀਆਂ, ਨਵਾਂ ਕੋਟ ਅਤੇ ਵਡਾਲਾ ਜੌਹਲ ਵਿਖੇ ਹਲਕਾ ਵਾਸੀਆਂ ਨਾਲ ਸਿੱਧਾ ਸੰਵਾਦ ਰਚਾਇਆ

# ਚਾਰ ਸਾਲਾਂ ਵਿੱਚ ਮਾਨ ਸਰਕਾਰ ਨੇ ਸੂਬੇ ਦਾ ਰਿਕਾਰਡ ਵਿਕਾਸ ਕੀਤਾ - ਹਰਭਜਨ ਸਿੰਘ ਈ.ਟੀ.ਓ.

**ਜੰਡਿਆਲਾ ਗੁਰੂ, 4 ਅਪ੍ਰੈਲ ( ਕੁਲਵੰਤ ਸਿੰਘ ਵਿਰਦੀ )** - ਪੰਜਾਬ ਸਰਕਾਰ ਦੇ ਚਾਰ ਸਾਲ ਪੂਰੇ ਹੋਣ 'ਤੇ ਲੋਕ ਨਿਰਮਾਣ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ. ਵੱਲੋਂ ਅੱਜ ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਦੇ ਪਿੰਡ ਮੱਖਣਵਿੰਡੀ, ਬਾਬਾ ਜੱਸ ਹਵੇਲੀਆਂ, ਨਵਾਂ ਕੋਟ ਅਤੇ ਵਡਾਲਾ ਜੌਹਲ ਵਿਖੇ ਲੋਕਾਂ ਨਾਲ ਸਿੱਧਾ ਸੰਵਾਦ ਕੀਤਾ ਅਤੇ ਸਰਕਾਰ ਵਲੋਂ ਕੀਤੇ ਗਏ ਵਿਕਾਸ ਕਾਰਜਾਂ ਅਤੇ ਚਾਰ ਸਾਲ ਦੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ ।ਉਨਾਂ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸੂਬਾ ਸਰਕਾਰ ਨੇ ਪਿਛਲੇ ਚਾਰ ਸਾਲਾਂ ਦੌਰਾਨ ਹਰ ਖੇਤਰ ਵਿੱਚ ਰਿਕਾਰਡ ਵਿਕਾਸ ਕੀਤਾ ਹੈ ਅਤੇ ਇਸ ਸਾਲ ਵਿਕਾਸ ਦੇ ਨਵੇਂ ਅਯਾਮ ਸਥਾਪਿਤ ਕੀਤੇ ਜਾਣਗੇ ਕੈਬਨਿਟ ਮੰਤਰੀ ਸ.ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਕਿ ਦੇਸ਼ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਸੂਬੇ ਨੇ ਆਪਣੇ ਵਾਸੀਆਂ ਲਈ 10 ਲੱਖ ਰੁਪਏ ਤੱਕ ਸਿਹਤ ਬੀਮਾ ਸ਼ੁਰੂ ਕੀਤਾ ਹੈ। ਉਨਾਂ ਕਿਹਾ ਕਿ ਮਾਨ ਸਰਕਾਰ ਨੇ ਆਪਣੇ ਕਾਰਜਕਾਲ ਦੋਰਾਨ ਪਹਿਲੇ ਸਾਲ ਤੋਂ ਹੀ ਲੋਕਾਂ ਨਾਲ ਕੀਤੀਆਂ ਗਰੰਟੀਆਂ ਨੂੰ ਪੂਰਾ ਕਰਨਾ ਸ਼ੁਰੂ ਕਰ ਦਿੱਤਾ ਸੀ।



ਪੰਜਾਬ ਸਰਕਾਰ ਦੇ ਸ਼ਾਨਦਾਰ ਚਾਰ ਸਾਲ ਪੂਰੇ ਹੋਣ 'ਤੇ ਸ: ਈ.ਟੀ.ਓ. ਨੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਕਿਹਾ ਕਿ ਇਨ੍ਹਾਂ ਚਾਰ ਸਾਲਾਂ ਦੌਰਾਨ ਸਿਹਤ, ਸਿੱਖਿਆ, ਰੁਜ਼ਗਾਰ ਉਦਯੋਗਿਕ ਵਿਕਾਸ, ਬੁਨਿਆਦੀ ਢਾਂਚੇ ਵਿੱਚ ਵੱਡੇ ਬਦਲਾਅ ਲਿਆਂਦੇ ਗਏ ਹਨ। ਉਨ੍ਹਾਂ ਕਿਹਾ ਕਿ ਮਹਿਲਾਵਾਂ ਦੀ ਆਰਥਿਕ ਮਜਬੂਤੀ ਲਈ ਜਰਨਲ ਵਰਗ ਦੀਆਂ ਔਰਤਾਂ ਨੂੰ 1000 ਰੁਪਏ ਅਤੇ ਐਸ.ਸੀ ਵਰਗ ਦੀਆਂ ਔਰਤਾਂ ਲਈ 1500 ਦੀ ਸਹੂਲਤ ਪ੍ਰਦਾਨ ਕੀਤੀ ਗਈ ਹੈ। ਸਿੱਖਿਆ ਦੇ ਖੇਤਰ ਵਿੱਚ ਕਰੋੜਾਂ ਰੁਪਏ ਖਰਚ ਕੇ ਵੱਡੇ ਸੁਧਾਰ ਕਰਦਿਆਂ ਸਰਕਾਰੀ ਸਕੂਲਾਂ ਦੀ ਨੁਹਾਰ ਬਦਲੀ ਗਈ ਹੈ ਅਤੇ ਪ੍ਰਾਈਵੇਟ ਸਕੂਲਾਂ ਦੀ ਤਰ੍ਹਾਂ ਸਰਕਾਰੀ ਸਕੂਲਾਂ ਵਿੱਚ ਵੀ ਸਾਰੀਆਂ ਸੁਵਿਧਾਵਾਂ ਉਪਲਬਧ ਕਰਵਾਈਆਂ ਗਈਆਂ ਹਨ। ਇਸ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਗਏ ਅਤੇ ਬਿਨਾਂ ਕਿਸੇ ਸਿਫਾਰਿਸ਼ ਦੇ ਨੌਕਰੀਆਂ ਦਿੱਤੀਆਂ ਗਈਆਂ ਹਨ। ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ ਜਾ ਰਹੀ ਅਤੇ ਨਸ਼ਾ ਤਸਕਰਾਂ ਵਿਰੁੱਧ ਵੱਡੀ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਕਰੋੜਾਂ ਰੁਪਏ ਖਰਚ ਕੇ ਸੜਕਾਂ ਦਾ ਨਵੀਨੀਕਰਨ, ਪੁੱਲਾਂ ਦੀ ਉਸਾਰੀ ਅਤੇ ਹੋਰ ਵੱਡੇ ਪ੍ਰੋਜੈਕਟਾਂ 'ਤੇ ਕੰਮ ਕਰਕੇ ਬੁਨਿਆਦੀ ਢਾਂਚੇ ਨੂੰ ਮਜਬੂਤ ਕੀਤਾ ਗਿਆ ਹੈ ਕੈਬਨਿਟ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ. ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਹਰ ਮਹੀਨੇ 300 ਯੂਨਿਟ ਮੁਫ਼ਤ ਬਿਜਲੀ ਸਹੂਲਤ ਸਦਕਾ 90 ਫੀਸਦੀ ਤੋਂ ਵੱਧ ਖਪਤਕਾਰਾਂ ਨੂੰ ਜ਼ੀਰੋ ਬਿਜਲੀ ਬਿੱਲ ਆ ਰਹੇ ਹਨ ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਾਬਤ ਕਰ ਦਿੱਤਾ ਹੈ ਕਿ ਜੇ ਨੀਅਤ ਸਾਫ ਹੋਵੇ ਤਾਂ ਘੱਟ ਸਮੇਂ ਵਿੱਚ ਵੀ ਵੱਡੇ ਬਦਲਾਅ ਲਿਆਂਦੇ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਵੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਨੂੰ ਤਰੱਕੀ ਅਤੇ ਖੁਸ਼ਹਾਲੀ ਦੀ ਨਵੀਂ ਉਚਾਈਆਂ ਤੱਕ ਲਿਜਾਇਆ ਜਾਵੇਗਾ ।ਇਸ ਮੌਕੇ ਬਲਾਕ ਪ੍ਰਧਾਨ/ਬਲਾਕ ਸੰਮਤੀ ਮੈਂਬਰ ਸਰਦਾਰ ਬਲਰਾਜ ਸਿੰਘ, ਚੇਅਰਮੈਨ ਸੂਬੇਦਾਰ ਛਨਾਖ ਸਿੰਘ,ਸਰਪੰਚ ਸੁੰਦਰ ਸਿੰਘ ਪਿੰਡ ਮੱਖਣਵਿੰਡੀ, ਸਰਪੰਚ ਪਿੰਡ ਵਡਾਲਾ ਜੋਹਲ ਸਰਦਾਰ ਜਗਜੀਤ ਸਿੰਘ, ਸਰਪੰਚ ਪਿੰਡ ਨਵਾਂ ਕੋਟ ਸਰਦਾਰ ਹਰਜਿੰਦਰ ਸਿੰਘ, ਸਰਦਾਰ ਜਗਤਾਰ ਸਿੰਘ, ਤੋਂ ਇਲਾਵਾ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ।

# ਪਰਮੇਸ਼ੁਰ ਦਾ ਸਿਮਰਨ ਕਰਨ ਨਾਲ ਦੁੱਖ ਦੂਰ ਹੁੰਦੇ ਹਨ : ਸੰਤ ਬਾਬਾ ਚਮਕੌਰ ਸਿੰਘ ਵਡਾਲਾ ਜੌਹਲ



**ਚੌਕ ਮਹਿਤਾ 24 ਅਪ੍ਰੈਲ ( ਬਾਬਾ ਸੁਖਵੰਤ ਸਿੰਘ ਚੰਨਣਕੇ )**- ਸਮਾਜ ਸੇਵੀ ਸੰਤ ਬਾਬਾ ਚਮਕੌਰ ਸਿੰਘ ਵਡਾਲਾ ਜੋਹਲ ਵਾਲਿਆਂ ਨੇ ਧਾਰਮਿਕ ਸਮਾਗਮ ਦੌਰਾਨ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਨ ਦੀ ਪ੍ਰੇਰਣਾ ਦਿੰਦਿਆਂ ਕਿਹਾ ਕਿ ਮਨੁੱਖੀ ਜੀਵਨ ਵਿੱਚ ਆਉਣ ਵਾਲੇ ਦੁੱਖ-ਕਲੇਸ਼ਾਂ ਤੋਂ ਮੁਕਤੀ ਪਾਉਣ ਲਈ ਵਾਹਿਗੁਰੂ ਦੇ ਨਾਮ ਦਾ ਸਿਮਰਨ ਬਹੁਤ ਜ਼ਰੂਰੀ ਹੈ ।ਉਨ੍ਹਾਂ ਦੱਸਿਆ ਜੋ ਵਿਅਕਤੀ ਸੱਚੇ ਦਿਲ ਨਾਲ ਨਾਮ ਜਪਦਾ ਹੈ, ਉਸ ਦੇ ਮਨ ਨੂੰ ਸ਼ਾਂਤੀ ਮਿਲਦੀ ਹੈ ਅਤੇ ਜੀਵਨ ਸੁਖਮਈ ਬਣਦਾ ਹੈ। ਸੰਤ ਬਾਬਾ ਚਮਕੌਰ ਸਿੰਘ ਵਡਾਲਾ ਜੋਹਲ ਵਾਲਿਆਂ ਨੇ ਸੰਗਤਾਂ ਨੂੰ ਨਸ਼ਿਆਂ ਅਤੇ ਬੁਰਾਈਆਂ ਤੋਂ ਦੂਰ ਰਹਿ ਕੇ ਗੁਰੂ ਦੇ ਦਰਸਾਏ ਮਾਰਗ 'ਤੇ ਚੱਲਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਗੁਰਬਾਣੀ ਸਾਨੂੰ ਸਹੀ ਜੀਵਨ ਜੀਣ ਦੀ ਰਾਹ ਦਿਖਾਉਂਦੀ ਹੈ ਅਤੇ ਸਮਾਜ ਵਿੱਚ ਪਿਆਰ ਤੇ ਭਾਈਚਾਰੇ ਦੀ ਭਾਵਨਾ ਪੈਦਾ ਕਰਦੀ ਹੈ।

# ਸਿੱਖਿਆ ਕ੍ਰਾਂਤੀ-2 ਨੂੰ ਸਫਲ ਬਣਾਉਣ ਲਈ ਪੂਰੀ ਲਗਨ ਨਾਲ ਕੰਮ ਕੀਤਾ ਜਾਵੇ: ਗੁਲਸ਼ਨ ਛਾਬੜਾ



**ਚੌਕ ਮਹਿਤਾ, 4 ਅਪ੍ਰੈਲ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਦਿਸ਼ਾ-ਨਿਰਦੇਸ਼ਾਂ ਅਤੇ ਪੰਜਾਬ ਇੰਚਾਰਜ ਸ੍ਰੀ ਗੁਲਸ਼ਨ ਛਾਬੜਾ ਦੀ ਅਗਵਾਈ ਹੇਠ ਅੱਜ ਲੁਧਿਆਣਾ ਦੇ ਬਚਤ ਭਵਨ ਵਿਖੇ ਸੂਬੇ ਭਰ ਦੇ ਜ਼ੋਨਲ ਇੰਚਾਰਜਾਂ, ਜ਼ਿਲ੍ਹਾ ਇੰਚਾਰਜਾਂ ਅਤੇ ਵਿਧਾਨ ਸਭਾ ਕੋਆਰਡੀਨੇਟਰਾਂ ਦੀ ਇੱਕ ਮਹੱਤਵਪੂਰਨ ਮੀਟਿੰਗ ਹੋਈ। ਮੀਟਿੰਗ ਦੌਰਾਨ ਸ੍ਰੀ ਗੁਲਸ਼ਨ ਛਾਬੜਾ ਨੇ "ਸਿੱਖਿਆ ਕ੍ਰਾਂਤੀ-2" ਤਹਿਤ ਕੀਤੇ ਜਾਣ ਵਾਲੇ ਕੰਮਾਂ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ ਅਤੇ ਹਾਜ਼ਰ ਅਧਿਕਾਰੀਆਂ ਨੂੰ ਕਈ ਜ਼ਰੂਰੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਰਕਾਰ ਵੱਲੋਂ ਸਿੱਖਿਆ ਖੇਤਰ ਵਿੱਚ ਸੁਧਾਰ ਲਿਆਉਣ ਲਈ ਚਲਾਈ ਜਾ ਰਹੀ ਇਸ ਪਹਿਲਕਦਮੀ ਨੂੰ ਲਾਗੂ ਕੀਤਾ ਜਾਵੇ ।ਇਸ ਮੁਹਿੰਮ ਨੂੰ ਸਫਲ ਬਣਾਉਣਾ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ ।ਸ੍ਰੀ ਛਾਬੜਾ ਨੇ ਸਾਰੇ ਇੰਚਾਰਜਾਂ ਅਤੇ ਕੋਆਰਡੀਨੇਟਰਾਂ ਨੂੰ ਸਕੂਲਾਂ ਵਿੱਚ ਸਥਿਤੀ ਦਾ ਮੁਆਇਨਾ ਕਰਨ ਅਤੇ ਅਧਿਆਪਕਾਂ ਅਤੇ ਵਿਦਿਆਰਥੀਆਂ ਨਾਲ ਸਿੱਧਾ ਸੰਪਰਕ ਕਰਨ ਲਈ ਜ਼ਮੀਨੀ ਪੱਧਰ 'ਤੇ ਜਾਣ ਦੀ ਅਪੀਲ ਕੀਤੀ। ਅਤੇ ਜਿੱਥੇ ਵੀ ਕੋਈ ਕਮੀਆਂ ਨਜ਼ਰ ਆਉਂਦੀਆਂ ਹਨ, ਉਨ੍ਹਾਂ ਨੂੰ ਤੁਰੰਤ ਦੂਰ ਕਰਨ ਲਈ ਜ਼ਰੂਰੀ ਕਦਮ ਚੁੱਕੇ ਜਾਣ। ਉਨ੍ਹਾਂ ਕਿਹਾ ਕਿ ਸਿੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਟੀਮ ਵਰਕ ਜ਼ਰੂਰੀ ਹੈ। ਇਸ ਮੌਕੇ ਮਾਜਾ ਜ਼ੋਨ ਇੰਚਾਰਜ ਸਰਬਜੋਤ ਲੁਧਿਆਣਾ ਦੇ ਬਚਤ ਭਵਨ ਵਿਖੇ ਜ਼ੋਨਲ, ਜ਼ਿਲ੍ਹਾ ਅਤੇ ਵਿਧਾਨ ਸਭਾ ਕੋਆਰਡੀਨੇਟਰਾਂ ਦੀ ਮਹੱਤਵਪੂਰਨ ਮੀਟਿੰਗ ਧੰਜਲ, ਜ਼ਿਲ੍ਹਾ ਇੰਚਾਰਜ ਜਸਕਰਨ ਸਿੰਘ, ਉੱਤਰੀ ਹਲਕੇ ਦੇ ਹਲਕਾ ਸ੍ਰੀ ਹਰਿਗੋਬਿੰਦਪੁਰ ਸਿੱਖਿਆ ਕੋਆਰਡੀਨੇਟਰ ਸ, ਨਰਿੰਦਰ ਸਿੰਘ ਬਾਠ,ਵੇਰੋਨੰਗਲ,ਕੋਆਰਡੀਨੇਟਰ ਰਣਦੀਪ ਕੁਮਾਰ (ਬੰਟੀ ਮਹਾਜਨ), ਪੂਰਬੀ ਹਲਕੇ ਦੇ ਕੋਆਰਡੀਨੇਟਰ ਹਰਸ਼ ਅਰੋੜਾ, ਕੇਂਦਰੀ ਹਲਕੇ ਦੇ ਕੋਆਰਡੀਨੇਟਰ ਵਿਸ਼ੂ ਭੱਟੀ, ਪੱਛਮੀ ਹਲਕੇ ਦੇ ਕੋਆਰਡੀਨੇਟਰ ਅਤੇ ਹੋਰ। ਅਧਿਕਾਰੀ ਮੌਜੂਦ ਸਨ। ਮੀਟਿੰਗ ਦੌਰਾਨ, ਇਸ ਮੌਕੇ ਤੇ ਹਲਕਾ ਸ੍ਰੀ ਹਰਿਗੋਬਿੰਦਪੁਰ ਸਾਹਿਬ ਤ ਤੋਂ ਸਿੱਖਿਆ ਕੋਆਰਡੀਨੇਟਰ ਸ, ਨਰਿੰਦਰ ਸਿੰਘ ਬਾਠ ਨੇ ਕਿਹਾ ਕਿ ਸਿੱਖਿਆ ਕ੍ਰਾਂਤੀ-2 ਲਈ ਭਵਿੱਖ ਦੀਆਂ ਯੋਜਨਾਵਾਂ 'ਤੇ ਵੀ ਚਰਚਾ ਕੀਤੀ ਗਈ, ਅਤੇ ਸਾਰਿਆਂ ਨੇ ਇਸਨੂੰ ਸਫਲ ਬਣਾਉਣ ਲਈ ਮਿਲ ਕੇ ਕੰਮ ਕਰਨ ਦਾ ਸੰਕਲਪ ਲਿਆ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਇਹ ਲੋਕ ਹੁਕਮਨਾਮੇ ਤੋਂ ਮੁਨਕਰ ਹੀ ਨਹੀਂ ਹੋਏ, ਸਗੋਂ ਇਹਨਾਂ ਨੇ

# ਪੰਜ ਸਿੰਘ ਸਾਹਿਬਾਨ ਦੇ ਫੈਸਲੇ ਨੂੰ ਸਾਜਿਸ਼ ਦੱਸਣ ਦਾ ਗੁਨਾਹ ਕੀਤੈ- ਗਿਆਨੀ ਹਰਪ੍ਰੀਤ ਸਿੰਘ





**ਚੰਡੀਗੜ੍ਹ, 4 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਅੱਜ ਅਸੀਂ ਪੰਥ ਅਤੇ ਪੰਜਾਬ ਦੀ ਚਿੰਤਾ ਕਰਨ ਲਈ ਇਕੱਠੇ ਹੋਏ ਹਾਂ। ਕਿਉਂਕਿ ਕੁਝ ਲਾਲਚੀ ਲੋਕਾਂ ਵੱਲੋਂ ਪੰਜਾਬ ਨੂੰ ਲੁੱਟਿਆ ਹੀ ਨਹੀਂ ਗਿਆ, ਸਗੋਂ ਪੰਥਕ ਪ੍ਰੰਪਰਾਵਾਂ ਦਾ ਘਾਣ ਵੀ ਕੀਤਾ ਹੈ। ਭਾਈ ਰਤਨ ਸਿੰਘ ਭੰਗੂ ਦੇ ਸ਼ਬਦਾਂ ਵਿੱਚ ਉਹ ਗੁਰੂ ਦੇ ਫਟਕਾਰੇ ਹੋਏ ਹਨ। ਫਟਕਾਰੇ ਹੋਏ ਇਸ ਲਈ ਨਹੀਂ ਕਿ ਇਹ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਨਾਮੇ ਤੋਂ ਮੁਨਕਰ ਹੋਏ ਹਨ, ਗੁਰੂ ਦੀ ਫਟਕਾਰ ਇਸ ਲਈ ਹੈ ਕਿਉਂਕਿ ਇਹਨਾਂ ਨੇ ਗੁਰੂ ਰੂਪ ਪੰਜ ਸਿੰਘ ਸਾਹਿਬਾਨ ਦੇ ਫੈਸਲੇ ਨੂੰ ਇਕ ਸਾਜਿਸ਼ ਦੱਸਿਆ ਹੈ। ਇਹਨਾਂ ਗੱਲਾਂ ਦਾ ਪ੍ਰਗਟਾਵਾ ਗਿਆਨੀ ਹਰਪ੍ਰੀਤ ਸਿੰਘ ਨੇ ਇਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ। ਉਹ ਗੁਰਦੁਆਰਾ ਕਰਤਾਰਸਰ ਸਾਹਿਬ ਪਿੰਡ ਪਡਿਆਲਾ (ਮੋਹਾਲੀ) ਵਿੱਚ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੀ ਇਕ ਵਰਕਰ ਮੀਟਿੰਗ ਦੌਰਾਨ ਬੋਲ ਰਹੇ ਸਨ। ਉਹਨਾਂ ਕਿਹਾ ਕਿ ਜਦੋਂ ਦੋ ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਤੋਂ ਹੁਕਮਨਾਮੇ ਹੋਏ ਸਨ ਤਾਂ ਇਸ ਨਾਲ ਤਖਤ ਸਾਹਿਬ ਦੀ ਅਜ਼ਮਤ ਦੁਨੀਆਂ ਭਰ ਵਿੱਚ ਫੈਲੀ ਸੀ, ਪਰ ਉਸ ਹੁਕਮਨਾਮੇ ਨੂੰ ਕਲੰਕਿਤ ਕਰਨ ਲਈ ਇਹਨਾਂ ਭਗੌੜਿਆਂ ਨੇ ਦਿੱਲੀ ਦੇ ਇਕ ਕਾਮਰੇਡ ਤੋਂ ਅੰਗਰੇਜੀ ਅਖਬਾਰ ਵਿੱਚ ਲੇਖ ਲਿਖਵਾਇਆ ਸੀ ਕਿ ਅਕਾਲ ਤਖਤ ਸਾਹਿਬ ਨੂੰ ਸਿੱਖ ਰਾਜਨੀਤੀ ਵਿੱਚ ਦਖਲ ਨਹੀਂ ਦੇਣਾ ਚਾਹੀਦਾ। ਉਹ ਹੁਕਮਨਾਮੇ ਇਤਿਹਾਸ ਵਿੱਚ ਹਮੇਸ਼ਾਂ ਸੁਰੱਖਿਅਤ ਰਹਿਣਗੇ, ਕਿਉਂਕਿ ਉਹ ਗੁਰੂ ਦੀ ਬਖਸ਼ਿਸ਼ ਨਾਲ ਵਾਪਰੇ ਸਨ। ਉਹਨਾਂ ਕਿਹਾ ਕਿ ਸੁਖਬੀਰ ਨੇ ਆਪਣੇ ਪ੍ਰਧਾਨਗੀ ਕਾਲ ਵਿੱਚ ਟਕਸਾਲੀ ਅਕਾਲੀਆਂ ਨੂੰ ਬਾਹਰ ਕਰਕੇ ਰੇਤ, ਬੱਜਰੀ, ਕੇਬਲ ਮਾਫੀਆ ਨੂੰ ਨਾਲ ਜੋੜਿਆ। ਕਿਉਂਕਿ ਧਰਮੀਆਂ ਨਾਲ ਹਮੇਸ਼ਾਂ ਧਰਮੀ ਜੁੜਦੇ ਹਨ, ਜਦਕਿ ਬੇਦੀਨਿਆਂ ਨਾਲ ਬੇਦੀਨੇ ਜੁੜ ਜਾਂਦੇ ਹਨ। ਉਹਨਾਂ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਦੋ ਦਸੰਬਰ ਦੇ ਹੁਕਮਨਾਮਿਆਂ ਨੂੰ ਘਰ-ਘਰ ਤੱਕ ਪਹੁੰਚਾਉਣ। ਇਸ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਸ ਰਵੀਇੰਦਰ ਸਿੰਘ ਨੇ ਕਿਹਾ ਦੋ ਦਸੰਬਰ ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ ਜੋ ਕੁਝ ਵੀ ਵਾਪਰਿਆ, ਉਹ ਸਾਰੀ ਦੁਨੀਆਂ ਨੇ ਵੇਖਿਆ। ਜਿੱਥੇ ਸਿੰਘ ਸਾਹਿਬਾਨ ਨੇ ਸਿੱਧੇ ਸਵਾਲ ਕੀਤੇ ਅਤੇ ਉਹ ਸਾਰੀਆਂ ਗੁਸਤਾਖੀਆਂ ਨੂੰ ਹਾਂਜੀ ਕਹਿ ਕੇ ਕਬੂਲ ਕਰਦੇ ਰਹੇ, ਪਰ ਬਾਦ ਵਿੱਚ ਮੁਕਰ ਗਏ। ਉਹਨਾਂ ਕਿਹਾ ਕਿ ਜੋ ਬੰਦਾ ਸ੍ਰੀ ਅਕਾਲ ਤਖਤ ਸਾਹਿਬ ਸਾਹਮਣੇ ਸਭ ਕੁੱਝ ਮੰਨ ਕੇ ਮੁਕਰ ਜਾਂਦਾ ਹੈ ਮੈਂ ਉਸ ਨੂੰ ਸਿੱਖ ਹੀ ਨਹੀਂ ਮੰਨਦਾ, ਪਰ ਕੁਝ ਲੋਕ ਸੁਖਬੀਰੇ ਨੂੰ ਪ੍ਰਧਾਨ ਮੰਨੀ ਜਾਂਦੇ ਹਨ। ਉਹਨਾਂ ਨੇ ਸ ਪ੍ਰਕਾਸ਼ ਸਿੰਘ ਬਾਦਲ ਨੂੰ ਯਾਦ ਕਰਦਿਆਂ ਕਿਹਾ ਕਿ ਉਹ ਆਪਣੇ ਸਾਥੀਆਂ ਦੀਆਂ ਲਾਸ਼ਾਂ ਉੱਤੇ ਪੈਰ ਰੱਖ ਕੇ ਅੱਗੇ ਵਧਿਆ। ਉਹਨਾਂ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਤੋਂ ਭਰਤੀ ਲਈ ਸੱਤ ਮੈਂਬਰੀ ਕਮੇਟੀ ਬਣੀ ਸੀ ਜਦਕਿ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਅਤੇ ਇਕ ਸਾਬਕਾ ਪ੍ਰਧਾਨ ਹੁਕਮਨਾਮੇ ਤੋਂ ਬਾਗੀ ਹੋ ਗਏ। ਸਾਨੂੰ ਇਹ ਗੱਲਾਂ ਲੋਕਾਂ ਤੱਕ ਪਹੁੰਚਾਉਣੀਆਂ ਚਾਹੀਦੀਆਂ ਹਨ। ਅੱਜ ਦੀ ਇਸ ਵਰਕਰ ਮੀਟਿੰਗ ਨੂੰ ਜਿਲ੍ਹਾ ਰੋਪੜ੍ਹ ਦੇ ਪ੍ਰਧਾਨ ਗੁਰਮੀਤ ਸਿੰਘ ਮਕੜੌਨਾ, ਗੁਰਮੀਤ ਸਿੰਘ ਰੋਪੜ੍ਹ, ਬਲਦੇਵ ਸਿੰਘ ਖਿਜਰਾਬਾਦ, ਬਾਬਾ ਦੀਪ ਸਿੰਘ ਰੋਪੜ੍ਹ, ਮਾਸਟਰ ਰਾਜਿੰਦਰ ਦੇਵ, ਸ ਸੁਖਵਿੰਦਰ ਸਿੰਘ ਮੁੰਡੀਆਂ, ਪ੍ਰੀਤਮ ਸਿੰਘ ਸੱਲੋਮਾਜਰਾ ਆਦਿ ਆਗੂਆਂ ਨੇ ਸੰਬੋਧਨ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਦਵਿੰਦਰ ਸਿੰਘ ਪੇਂਟਾ ਨੇ ਨਿਭਾਈ। ਅੱਜ ਦੀ ਇਸ ਮੀਟਿੰਗ ਵਿੱਚ ਸ ਹਰਬੰਸ ਸਿੰਘ ਕੰਧੋਲਾ, ਭਜਨ ਸਿੰਘ ਸ਼ੇਰਗਿੱਲ, ਮਨਜੀਤ ਸਿੰਘ ਮੁਧੋਂ, ਸਰਬਜੀਤ ਸਿੰਘ ਕਾਦੀਮਾਜਰਾ, ਸੁਮਿਤਰ ਸਿੰਘ ਪਪਰਾਲੀ, ਤੇਜਪਾਲ ਸਿੰਘ ਕੁਰਾਲੀ, ਦਲਵਿੰਦਰ ਸਿੰਘ ਮੁਧੋਂ, ਸਤਿਨਾਮ ਸਿੰਘ ਹੁਸ਼ਿਆਰਪੁਰ, ਦਿਲਾਵਰ ਸਿੰਘ, ਨਿਰਭੈਅ ਸਿੰਘ ਚਮਕੌਰ ਸਾਹਿਬ, ਸਵਰਨ ਸਿੰਘ ਸੈਣੀ, ਸੇਵਾ ਸਿੰਘ ਭੁਰੜੇ, ਪ੍ਰਿੰਸੀਪਲ ਮੋਹਨ ਸਿੰਘ, ਅਵਤਾਰ ਸਿੰਘ ਲੁਠੇੜੀ, ਐਡਵੋਕੇਟ ਬਲਬੀਰ ਸਿੰਘ, ਅਮਰਜੀਤ ਸਿੰਘ ਢਿੱਲੋਂ, ਤੇਜਪਾਲ ਸਿੰਘ ਸਿੱਧੂ, ਮਹਿੰਦਰ ਸਿੰਘ ਲੁਠੇੜੀ, ਪਰਮਜੀਤ ਸਿੰਘ ਪੁੜੈਲ, ਕੁਲਵਿੰਦਰ ਸਿੰਘ ਜੈਲਦਾਰ, ਲਖਬੀਰ ਸਿੰਘ ਰੁਪਾਲਹੇੜੀ, ਉਜਾਗਰ ਸਿੰਘ ਭੜੌਂਜੀਆਂ, ਬਹਾਦਰ ਸਿੰਘ ਕਰਤਾਰਪੁਰ, ਗੁਰਬਚਨ ਸਿੰਘ ਸਤਿਆਲ, ਭਾਗ ਸਿੰਘ ਰੋਪੜ, ਸੁਰਿੰਦਰ ਸਿੰਘ ਕਾਦੀਮਾਜਰਾ, ਪ੍ਰਿੰਸੀਪਲ ਸੁਪਿੰਦਰ ਸਿੰਘ, ਗੁਰਸੇਵਕ ਸਿੰਘ ਸਿੰਘਪੁਰਾ, ਪ੍ਰੋ ਨਾਨਕ ਸਿੰਘ ਕਲਾਲਮਾਜਰਾ, ਬਹਾਦਰ ਸਿੰਘ ਕਲਾਲਮਾਜਰਾ, ਪ੍ਰੇਮ ਸਿੰਘ ਬਰਦਾਰ, ਬਲਵਿੰਦਰ ਸਿੰਘ ਚਿਤਾਮਲੀ, ਮਾਸਟਰ ਜਗਮੋਹਨ ਸਿੰਘ, ਮਲਕੀਤ ਸਿੰਘ ਛੱਜਾ, ਪ੍ਰਗਟ ਸਿੰਘ ਰੌਲੂਮਾਜਰਾ, ਹਰਿੰਦਰ ਸਿੰਘ ਸ਼ਾਹਪੁਰ, ਡਾ ਅਵਤਾਰ ਸਿੰਘ ਘੁੰਮਣ ਚਮਕੌਰ ਸਾਹਿਬ ਹਾਜਰ ਸਨ। ਸ ਹਾਕਮ ਸਿੰਘ ਖਰੜ ਨੇ ਆਪਣੀ ਕਵਿਤਾ "ਸੁਖਬੀਰ ਹੈ ਜੜ੍ਹ ਪੁਆੜੇ ਦੀ" ਵੀ ਸੰਗਤਾਂ ਨੂੰ ਸੁਣਾਈ।

**ਅਕਾਲ ਤਖਤ ਸਾਹਿਬ ਦੇ ਭਗੌੜਿਆਂ ਨੂੰ ਮੈਂ ਸਿੱਖ ਹੀ ਨਹੀਂ ਮੰਨਦਾ, ਕੁਝ ਲੋਕ ਸੁਖਬੀਰੇ ਨੂੰ ਪ੍ਰਧਾਨ ਮੰਨੀ ਜਾਂਦੇ ਹਨ- ਸ ਰਵੀਇੰਦਰ ਸਿੰਘ**

# ਐੱਸ ਜੀ ਐੱਨ ਇੰਟਰਨੈਸ਼ਨਲ ਸਕੂਲ ਦੀਵਾਨਾ ਵਿਖੇ ਦਾਖਲੇ ਲਈ ਬੱਚਿਆਂ 'ਚ ਭਾਰੀ ਉਤਸ਼ਾਹ







**ਬਰਨਾਲਾ (ਵਰਿਆਮ ਹਠੂਰ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਐੱਸ ਜੀ ਐੱਨ ਇੰਟਰਨੈਸ਼ਨਲ ਸਕੂਲ ਦੀਵਾਨਾ ਵਿੱਚ ਦਾਖ਼ਲੇ ਲਈ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਇਸ ਸਬੰਧੀ ਸੰਸਥਾ ਦੇ ਪ੍ਰਿੰਸੀਪਲ ਮੱਖਣ ਸਿੰਘ ਦੀਵਾਨਾ ਅਤੇ ਕੁਲਜੀਤ ਸਿੰਘ ਜੀ ਨੇ ਦੱਸਿਆ ਕਿ ਸਕੂਲ ਵਿੱਚ ਉੱਚ ਕੁਆਲਟੀ ਦੀ ਸਿੱਖਿਆ ਜਾਇਜ਼ ਫ਼ੀਸਾਂ ਨਾਲ ਕਰਵਾਈ ਜਾ ਰਹੀ ਹੈ। ਉਹਨਾਂ ਦੱਸਿਆ ਕਿ ਸਕੂਲ ਦਾ ਤਜਰਬੇਕਾਰ ਤੇ ਉੱਚ ਯੋਗਤਾ ਪ੍ਰਾਪਤ ਸਟਾਫ਼ 100 ਫ਼ੀਸਦੀ ਨਤੀਜੇ ਪੜਾਈ ਦੇ ਨਾਲ ਨਾਲ ਮੰਨੋਰੰਜਨ ਗੇਮਾਂ, ਸੱਭਿਆਚਾਰਕ ਪ੍ਰੋਗਰਾਮ ਅਤੇ ਖੇਡਾਂ ਆਦਿ ਵਿਸ਼ੇਸ਼ਤਾਵਾਂ ਦੇ ਸਦਕਾ ਮਾਤਾ ਪਿਤਾ ਵੱਲੋਂ ਵੱਧ ਚੜ੍ਹ ਕੇ ਆਪਣੇ ਬੱਚਿਆਂ ਨੂੰ ਸਕੂਲ ਵਿੱਚ ਦਾਖਲ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਮੱਖਣ ਸਿੰਘ ਦੀਵਾਨਾ ਵੱਲੋਂ ਮਾਪਿਆਂ ਨੂੰ ਵਿਸ਼ਵਾਸ ਦਿਵਾਇਆ ਗਿਆ ਕਿ ਉਹਨਾਂ ਦੇ ਬੱਚਿਆਂ ਨੂੰ ਉਹਨਾਂ ਦੇ ਪੈਰਾਂ ਸਿਰ ਖੜ੍ਹੇ ਕਰਨਾ ਸਾਡੀ ਸੰਸਥਾ ਦਾ ਮੁੱਢਲਾ ਫਰਜ਼ ਹੈ। ਉਹਨਾਂ ਦੱਸਿਆ ਕਿ ਸਕੂਲ ਦੇ ਵਿਦਿਆਰਥੀਆਂ ਨੇ ਪੜ੍ਹਾਈ ਦੇ ਨਾਲ ਨਾਲ ਨੈਸਨਲ ਪੱਧਰ ਤੇ ਖੇਡਾਂ ਵਿੱਚ ਵੀ ਮੱਲਾਂ ਮਾਰੀਆਂ ਹਨ। ਸਕੂਲ ਵਿੱਚ ਵਿਦਿਆਰਥੀਆਂ ਨੂੰ ਹਰ ਤਰ੍ਹਾਂ ਦੀ ਪੜ੍ਹਾਈ ਐਕਟੀਵਿਟੀ ਦੇ ਅਧਾਰ ਤੇ ਤਜਰਬੇਕਾਰ ਸਟਾਫ ਦੁਆਰਾ ਕਰਵਾਈ ਜਾਂਦੀ ਹੈ।ਇਲਾਕੇ ਪਿੰਡਾ ਲਈ ਚਾਨਣ ਮੁਨਾਰਾ ਬਣੀ ਇਹ ਸੰਸਥਾ ਵਿੱਚ ਇਲਾਕੇ ਦੇ 20 ਪਿੰਡਾਂ ਤੋ ਬੱਚਿਆਂ ਨੂੰ ਲੈ ਕੇ ਅਤੇ ਛੱਡ ਕੇ ਆਉਣ ਲਈ ਸਕੂਲ ਦੀ ਅਪਣੀ ਟਰਾਂਸਪੋਰਟ ਹੈ ਸਕੂਲ ਪ੍ਰਿੰਸੀਪਲ ਸ੍ਰ ਮੱਖਣ ਸਿੰਘ ਦੀਵਾਨਾ ਜੀ ਨੇ ਬੱਚਿਆਂ ਦੇ ਮਾਤਾ ਪਿਤਾ ਨੂੰ ਵਿਸ਼ਵਾਸ ਦਿਵਾਇਆ ਕਿ ਤੁਹਾਡਾ ਸਾਡੇ ਉੱਪਰ ਕੀਤਾ ਅਥਾਹ ਵਿਸ਼ਵਾਸ ਸਾਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕਰਦਾ ਹੈ । ਪ੍ਰਿੰਸੀਪਲ ਮੱਖਣ ਸਿੰਘ ਦੀਵਾਨਾ ਜੀ ਨੇ ਦੱਸਿਆ ਕਿ ਸ਼ਾਡੇ ਸਕੂਲ ਦੀ ਪੂਰੀ ਟੀਮ ਬੱਚਿਆਂ ਦਾ ਭਵਿੱਖ ਬਣਾਉਣ ਤੇ ਮਾਪਿਆਂ ਦੀਆਂ ਉਮੀਦਾਂ ਤੇ ਪੂਰਾ ਉਤਰਨ ਲਈ ਹਮੇਸ਼ਾ ਵਚਨਬੱਧ ਹੈ ।

# ਪੰਜਾਬ ਫੋਰੈਸਟ ਪੈਨਸ਼ਨਰਜ ਐਸੋਸੀਏਸ਼ਨ ਦੀ ਹੋਈ ਮੀਟਿੰਗ




ਫ਼ਿਰੋਜ਼ਪੁਰ, 04 ਅਪ੍ਰੈਲ (ਮਨੋਹਰ ਲਾਲ) :— ਪੰਜਾਬ ਫੋਰੈਸਟ ਪੈਨਸ਼ਨਰਜ ਐਸੋਸੀਏਸ਼ਨ ਸਰਕਲ ਕਮੇਟੀ ਫਿਰੋਜਪੁਰ ਦੀ ਮੀਟਿੰਗ ਸ਼੍ਰੀ ਰਵੀ ਕੁਮਾਰ ਬਰਗਾੜੀ ਸਰਕਲ ਪ੍ਰਧਾਨ ਫਿਰੋਜਪੁਰ ਦੀ ਪ੍ਰਧਾਨਗੀ ਹੇਠ ਐਸੋਸ਼ੀਏਸ਼ਨ ਦੇ ਦਫਤਰ ਜੋਗਾ ਨੰਦ ਰੋਡ ਨੇੜੇ ਨਹਿਰ ਦਾ ਪੁਲ ਸਾਹਮਣੇ ਥਰਮਲ ਪਲਾਂਟ ਬਠਿੰਡਾ ਵਿਖੇ ਹੋਈ। ਮੀਟਿੰਗ ਦਾ ਆਗਾਜ਼ ਕਰਦਿਆਂ ਪਿਛਲੇ ਸਮੇਂ ਵਿੱਚ ਵਿਛੜੇ ਸਾਥੀਆਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸ ਮੀਟਿੰਗ ਵਿੱਚ ਸੂਬਾ ਕਮੇਟੀ ਦੇ ਪ੍ਰਧਾਨ ਸ਼੍ਰੀ ਬਲਵਿੰਦਰ ਸਿੰਘ ਸੰਧੂ, ਸਰਪਰਸਤ ਜਗਦੀਪ ਸਿੰਘ ਢਿੱਲੋਂ, ਰਸ਼ਪਾਲ ਸਿੰਘ ਸੀਨੀਅਰ ਮੀਤ ਪ੍ਰਧਾਨ, ਗੁਰਜੰਗ ਸਿੰਘ ਜੈਤੋ, ਮੁਹਿੰਦਰ ਸਿੰਘ ਧਾਲੀਵਾਲ ਸਰਕਲ ਸਕਤਰ, ਨਿਰਮਲ ਸਿੰਘ, ਮੇਜਰ ਸਿੰਘ ਮੁੰਗਰਾ, ਬਚਿਤਰ ਸਿੰਘ ਮੋਗਾ, ਪ੍ਰਿਥੀ ਰਾਜ, ਮਨਪ੍ਰੀਤ ਸਿੰਘ, ਦਲਜੀਤ ਸਿੰਘ ਟਾਹਲਾ ਸਾਹਿਬ ਆਦਿ ਸ਼ਾਮਲ ਹੋਏ। ਮੀਟਿੰਗ ਦੌਰਾਨ ਵਣ ਪੈਨਸ਼ਨਰਜ ਦੇ ਬਣਦੇ ਸੇਵਾ ਲਾਭ ਜਿਵੇਂ ਗਰੇਚੁਟੀ, ਲਿਵ ਇਨਕੈਸ਼ਮੈਂਟ, ਜੀ.ਆਈ.ਐਸ, ਚਲਦੇ ਕੇਸਾਂ ਅਪੀਲਾਂ ਦਾ ਰਿਕਾਰਡ ਸਬੰਧਤ ਪੈਨਸ਼ਨਰਜ ਨੂੰ ਦੇਣਾ ਅਤੇ ਸਮੇਂ ਸਿਰ ਨਿਪਟਾਰਾ ਕਰਨ ਆਦਿ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਇਹ ਵੀ ਫੈਸਲਾ ਕੀਤਾ ਗਿਆ ਕਿ ਸਾਂਝੇ ਸੰਘਰਸ਼ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਾਮਿਲ ਹੋਣਾ ਯਕੀਨੀ ਬਣਾਇਆ ਜਾਵੇਗਾ। ਬਠਿੰਡਾ ਮੰਡਲ ਦੇ ਸਾਥੀਆਂ ਵਿੱਚ ਏਕਤਾ ਬਣਾਉਣ ਲਈ ਅੱਜ ਇਕ ਚਾਰ ਮੈਂਬਰੀ ਕਮੇਟੀ ਕਾਇਮ ਕੀਤੀ ਗਈ, ਜਿਸ ਵਿਚ ਮਨਪ੍ਰੀਤ ਸਿੰਘ, ਰਸ਼ਪਾਲ ਸਿੰਘ ਬਠਿੰਡਾ, ਜਗਤਾਰ ਸਿੰਘ ਸਰਵਾਨਾ ਅਤੇ ਗੁਰਜੰਗ ਸਿੰਘ ਨਿਯੁਕਤ ਕੀਤੇ ਗਏ। ਇਹ ਵੀ ਫੈਸਲਾ ਕੀਤਾ ਗਿਆ ਕਿ ਮੰਡਲ ਕਮੇਟੀ ਦੀ ਮੀਟਿੰਗ ਹਰ ਮਹੀਨੇ ਕੀਤੀ ਜਾਵੇਗੀ।

# ਇਨਸਾਨੀਅਤ ਸੇਵਾ ਦਲ ਵੱਲੋਂ 31ਵੀਂ ਵਰ੍ਹੇਗੰਢ ਮਨਾਉਣ ਦੀਆਂ ਤਿਆਰੀਆਂ, ਨੀਲ ਕੰਠ ਮੰਦਰ ਵਿਖੇ ਹੋਣਗੇ ਵਿਸ਼ੇਸ਼ ਧਾਰਮਿਕ ਸਮਾਗਮ



**ਫ਼ਿਰੋਜ਼ਪੁਰ, 04 ਅਪ੍ਰੈਲ (ਮਨੋਹਰ ਲਾਲ) :—** ਸਮਾਜ ਸੇਵੀ ਕਾਰਜਾਂ ਵਿੱਚ ਹਮੇਸ਼ਾ ਮੋਹਰੀ ਰਹਿਣ ਵਾਲੀ ਸੰਸਥਾ ਇਨਸਾਨੀਅਤ ਸੇਵਾ ਦਲ ਵੱਲੋਂ ਆਪਣੀ ਸਥਾਪਨਾ ਦੀ 31ਵੀਂ ਵਰ੍ਹੇਗੰਢ ਬੜੀ ਹੀ ਸ਼ਰਧਾ ਅਤੇ ਉਤਸ਼ਾਹ ਦੇ ਨਾਲ ਮਨਾਈ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਸਥਾ ਦੇ ਜਨਰਲ ਸੈਕਟਰੀ ਰਮੇਸ਼ ਸ਼ਰਮਾ ਨੇ ਦੱਸਿਆ ਕਿ ਇਹ ਸਾਲਾਨਾ ਸਮਾਗਮ ਸਥਾਨਕ ਮੰਦਰ ਨੀਲ ਕੰਠ ਵਿਖੇ ਆਯੋਜਿਤ ਕੀਤਾ ਜਾਵੇਗਾ, ਜਿਸ ਵਿੱਚ ਇਲਾਕੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਸ਼ਿਰਕਤ ਕਰਨਗੀਆਂ।

ਗੱਲਬਾਤ ਕਰਦਿਆਂ ਸ੍ਰੀ ਸ਼ਰਮਾ ਨੇ ਦੱਸਿਆ ਕਿ ਵਰ੍ਹੇਗੰਢ ਦੇ ਸਬੰਧ ਵਿੱਚ ਦੋ ਦਿਨਾਂ ਵਿਸ਼ੇਸ਼ ਧਾਰਮਿਕ ਸਮਾਗਮ ਉਲੀਕੇ ਗਏ ਹਨ, ਜਿਸ ਤਹਿਤ 18 ਅਪ੍ਰੈਲ 2026 (ਸ਼ਨੀਵਾਰ) ਨੂੰ ਸਮਾਗਮ ਦੇ ਪਹਿਲੇ ਦਿਨ ਸ੍ਰੀ ਰਾਮਾਇਣ ਜੀ ਦੇ ਪਾਠ ਅਰੰਭ ਕੀਤੇ ਜਾਣਗੇ। ਇਸ ਮੌਕੇ ਵਿਦਵਾਨ ਪੰਡਿਤਾਂ ਵੱਲੋਂ ਪਵਿੱਤਰ ਰਾਮਾਇਣ ਦੀ ਚੌਪਾਈਆਂ ਦਾ ਗਾਇਨ ਕੀਤਾ ਜਾਵੇਗਾ, ਜਿਸ ਨਾਲ ਮੰਦਰ ਦਾ ਮਾਹੌਲ ਪੂਰੀ ਤਰ੍ਹਾਂ ਅਧਿਆਤਮਿਕ ਅਤੇ ਭਗਤੀਮਈ ਹੋ ਜਾਵੇਗਾ ਅਤੇ 19 ਅਪ੍ਰੈਲ 2026 (ਐਤਵਾਰ) ਦੂਜੇ ਦਿਨ ਸ੍ਰੀ ਰਾਮਾਇਣ ਜੀ ਦੇ ਪਾਠ ਦੇ ਭੋਗ ਪਾਏ ਜਾਣਗੇ। ਭੋਗ ਉਪਰੰਤ ਕੀਰਤਨ ਅਤੇ ਭਜਨ ਬੰਦਗੀ ਦਾ ਪ੍ਰਵਾਹ ਚੱਲੇਗਾ। ਸਮਾਗਮ ਦੀ ਸਮਾਪਤੀ ਤੋਂ ਬਾਅਦ ਸੰਗਤਾਂ ਲਈ ਅਤੁੱਟ ਲੰਗਰ ਵਰਤਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਨਸਾਨੀਅਤ ਸੇਵਾ ਦਲ ਪਿਛਲੇ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ ਮਾਨਵਤਾ ਦੀ ਸੇਵਾ ਵਿੱਚ ਜੁਟਿਆ ਹੋਇਆ ਹੈ। ਸੰਸਥਾ ਦੇ ਮੈਂਬਰਾਂ ਦਾ ਕਹਿਣਾ ਹੈ ਕਿ ਇਹ ਵਰ੍ਹੇਗੰਢ ਸਿਰਫ਼ ਇੱਕ ਜਸ਼ਨ ਨਹੀਂ, ਸਗੋਂ ਪਿਛਲੇ 31 ਸਾਲਾਂ ਦੇ ਸੇਵਾ ਕਾਰਜਾਂ ਨੂੰ ਯਾਦ ਕਰਨ ਅਤੇ ਭਵਿੱਖ ਵਿੱਚ ਹੋਰ ਵੀ ਵਧ—ਚੜ੍ਹ ਕੇ ਲੋੜਵੰਦਾਂ ਦੀ ਮਦਦ ਕਰਨ ਦਾ ਪ੍ਰਣ ਲੈਣ ਦਾ ਦਿਨ ਹੈ। ਗੱਲਬਾਤ ਕਰਦਿਆਂ ਰਮੇਸ਼ ਸ਼ਰਮਾ ਨੇ ਕਿਹਾ ਕਿ ਸਾਡਾ ਮੁੱਖ ਉਦੇਸ਼ ਨਰ ਸੇਵਾ ਹੀ ਨਾਰਾਇਣ ਸੇਵਾ ਹੈ ਅਤੇ ਇਸ ਮਾਰਗ ਤੇ ਚੱਲਦਿਆਂ ਅਸੀਂ ਹਮੇਸ਼ਾ ਸਮਾਜਿਕ ਭਲਾਈ ਦੇ ਕੰਮ ਕੀਤੇ ਹਨ। ਸੰਗਤਾਂ ਨੂੰ ਧਾਰਮਿਕ ਸਮਾਗਮਾਂ ਵਿਚ ਸ਼ਾਮਲ ਹੋ ਕੇ ਪ੍ਰਭੂ ਦੇ ਲੜ ਲੱਗਣ ਦੀ ਅਪੀਲ ਕਰਦਿਆਂ ਜਨਰਲ ਸੈਕਟਰੀ ਰਮੇਸ਼ ਸ਼ਰਮਾ ਨੇ ਸਮੂਹ ਸ਼ਰਧਾਲੂਆਂ ਅਤੇ ਇਲਾਕਾ ਨਿਵਾਸੀਆਂ ਨੂੰ ਪੁਰਜ਼ੋਰ ਅਪੀਲ ਕੀਤੀ ਹੈ ਕਿ ਉਹ ਪਰਿਵਾਰਾਂ ਸਮੇਤ ਇਨ੍ਹਾਂ ਧਾਰਮਿਕ ਸਮਾਗਮਾਂ ਵਿੱਚ ਸ਼ਿਰਕਤ ਕਰਨ ਅਤੇ ਸਮਾਜ ਦੀ ਭਲਾਈ ਲਈ ਕਾਰਜਾਂ ਵਿਚ ਸਹਿਯੋਗ ਦੇਣ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਦੀਵਾਲੀ ਵਿੱਚ ਕਰਵਾਇਆ ਗਿਆ ਤਿੰਨ ਦਿਨਾਂ ਸੰਤ ਅਤੇ ਕੀਰਤਨ ਸਮਾਗਮ

# ਪੰਥਕ ਵਿਦਵਾਨ ਭਗਵਾਨ ਸਿੰਘ ਜੌਹਲ ਨੇ ਦਸ਼ਮੇਸ਼ ਪਿਤਾ ਜੀ ਦੇ ਇਤਿਹਾਸ ਨਾਲ ਜੋੜਿਆ




**ਜੰਡਿਆਲਾ ਮੰਜਕੀ, 4 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਜੰਡਿਆਲਾ ਮੰਜਕੀ-ਜਲੰਧਰ ਰੋਡ ਤੇ ਸਥਿਤ ਪਿੰਡ ਦੀਵਾਲੀ ਦੇ ਗੁਰਦੁਆਰਾ ਸਿੰਘ ਸਭਾ ਵਿੱਚ ਸਮੂਹ ਸੰਗਤਾਂ ਅਤੇ ਪ੍ਰਵਾਸੀ ਪੰਜਾਬੀਆਂ ਦੇ ਸਹਿਯੋਗ ਨਾਲ ਸੰਤ ਅਤੇ ਕੀਰਤਨ ਸਮਾਗਮ ਕਰਵਾਏ ਗਏ। ਪ੍ਰਸਿੱਧ ਕੀਰਤਨੀ ਭਾਈ ਦਵਿੰਦਰ ਸਿੰਘ ਸੋਢੀ ਦੀਵਾਲੀ ਵਾਲਿਆਂ ਦੀ ਦੇਖ ਰੇਖ ਹੇਠ ਗੁਰੂ ਤੇਗ ਬਹਾਦਰ ਸਾਹਿਬ ਅਤੇ ਭਗਤ ਧੰਨਾ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਏ ਇਹਨਾਂ ਸਮਾਗਮਾਂ ਵਿੱਚ ਭਾਈ ਕੁਲਦੀਪ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ,ਭਾਈ ਨਰਿੰਦਰ ਸਿੰਘ ਸੋਢੀ, ਬਾਬਾ ਗੁਰਦਿਆਲ ਸਿੰਘ ਮਨਸੂਰਵਾਲ ਵਾਲੇ,ਬਾਬਾ ਲਾਲ ਸਿੰਘ ਪਿਹੋਵਾ ਵਾਲੇ, ਗਿਆਨੀ ਜਸਵੰਤ ਸਿੰਘ, ਬਾਬਾ ਕਰਨੈਲ ਸਿੰਘ ਨਾਨਕਸਰ,ਢਾਡੀ ਇਕਬਾਲ ਸਿੰਘ ਬੈਂਸ, ਢਾਡੀ ਇੰਦਰਜੀਤ ਸਿੰਘ ਸ਼ੇਰਗਿੱਲ ਆਦਿ ਦੇ ਜਥਿਆਂ ਨੇ ਦੋ ਦਿਨ ਦੇ ਦੀਵਾਨਾਂ ਵਿੱਚ ਹਾਜ਼ਰੀਆਂ ਭਰੀਆਂ।ਅਖੀਰਲੇ ਰਾਤਰੀ ਦੀਵਾਨਾਂ ਵਿੱਚ ਪੰਥ ਦੇ ਪ੍ਰਸਿੱਧ ਬੁਲਾਰੇ ਅਤੇ ਵਿਦਵਾਨ ਭਗਵਾਨ ਸਿੰਘ ਜੌਹਲ ਨੇ ਸੰਗਤਾਂ ਨੂੰ ਦਸ਼ਮੇਸ਼ ਪਿਤਾ ਜੀ ਦੇ ਗੁਰ ਇਤਿਹਾਸ ਨਾਲ ਜੋੜਿਆ। ਸੰਤ ਰਵਿੰਦਰ ਸਿੰਘ ਜੋਨੀ ਨੇ ਨਿਰੋਲ ਗੁਰਬਾਣੀ ਕੀਰਤਨ ਅਤੇ ਧਾਰਨਾ ਦੇ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣ ਲਈ ਪ੍ਰੇਰਿਤ ਕੀਤਾ। ਪ੍ਰਬੰਧਕਾਂ ਵੱਲੋਂ ਸਹਿਯੋਗੀਆਂ ਅਤੇ ਆਏ ਜਥਿਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਨਿਰਵੈਰ ਸਿੰਘ ਡੈਅਰੀ ਵਾਲੇ,ਬਲਦੇਵ ਸਿੰਘ ਦੇਬਾ, ਹਰਿੰਦਰ ਸਿੰਘ ਬਿੱਟੂ ਸ਼ਾਹ, ਸੁਖਵਿੰਦਰ ਸਿੰਘ ਧਾਲੀਵਾਲ, ਮਨੀ ਸਿੰਘ ਧਾਲੀਵਾਲ, ਗੁਰਦੀਪ ਸਿੰਘ ਜੰਡਿਆਲੀ, ਰਸ਼ਪਾਲ ਸਿੰਘ ਪਾਲਾ, ਗੁਰਨਾਮ ਸਿੰਘ ਮਛਿਆਣਾ, ਬਿੰਦਰ ਸਿੰਘ, ਮੇਜਰ ਸਿੰਘ, ਗੁਰਦੇਵ ਸਿੰਘ ਦੀਵਾਲੀ, ਫਤਿਹਜੀਤ ਸਿੰਘ, ਸੁਖਵਿੰਦਰ ਸਿੰਘ ਜੰਡਿਆਲਾ, ਸੁਖਵਿੰਦਰ ਸਿੰਘ ਸੁੱਖੀ ਅਤੇ ਪਤਵੰਤੇ ਵੀ ਹਾਜ਼ਰ ਸਨ।

ਕਾਂਗਰਸੀ ਆਗੂ ਤੇ ਹਲਕਾ ਇੰਚਾਰਜ ਖੁਸ਼ਬਾਜ ਸਿੰਘ ਜਟਾਣਾ ਦੇ ਅੰਤਿਮ ਸਸਕਾਰ ਮੌਕੇ

# ਕਾਂਗਰਸੀ ਆਗੂ ਨਵਤੇਜ ਸਿੰਘ ਅਮਰਕੋਟ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ



**ਜੰਡਿਆਲਾ ਗੁਰੂ, 4 ਅਪ੍ਰੈਲ ( ਕੁਲਵੰਤ ਸਿੰਘ ਵਿਰਦੀ )**-ਤਲਵੰਡੀ ਸਾਬੋ ਕੇ ਤੋਂ ਜੁਝਾਰੂ ਕਾਂਗਰਸੀ ਆਗੂ ਤੇ ਹਲਕਾ ਇੰਚਾਰਜ ਖੁਸ਼ਬਾਜ ਸਿੰਘ ਜਟਾਣਾ ਜੋਂ ਕਿ ਤਲਵੰਡੀ ਸਾਬੋ ਕੇ ਤੋਂ ਕਾਂਗਰਸ ਪਾਰਟੀ ਵਲੋ ਦੋ ਵਾਰ ਐਮ ਐਲ ਏ ਦੀ ਚੋਣ ਵੀ ਲੜ ਚੁੱਕੇ ਹਨ ਬੀਤੇ ਦਿਨ ਇਕ ਭਿਆਨਕ ਸੜਕ ਹਾਦਸੇ ਚ ਪ੍ਰਮਾਤਮਾ ਵੱਲੋਂ ਮਿਲੀ ਸਵਾਸਾਂ ਦੀ ਪੂੰਜੀ ਨੂੰ ਭੋਗਦਿਆਂ ਹੋਇਆ ਇਸ ਫਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਆਖ ਕਿ ਪ੍ਰਮਾਤਮਾ ਦੇ ਚਰਨਾਂ ਵਿੱਚ ਜਾ ਬਿਰਾਜੇ ਸਨ।ਉਹਨਾਂ ਦੇ ਅੰਤਿਮ ਸਸਕਾਰ ਮੌਕੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੇ ਕਾਂਗਰਸ ਪਾਰਟੀ ਦੇ ਯੂਥ ਵਿੰਗ ਦੇ ਆਗੂ ਬਠਿੰਡਾ ਵਿਖੇ ਪਹੁੰਚ ਕੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਤੇ ਇਸ ਦੁੱਖ ਦੀ ਘੜੀ ਵਿੱਚ ਬਰਿੰਦਰ ਸਿੰਘ ਢਿੱਲੋਂ ਸਾਬਕਾ ਪੰਜਾਬ ਪ੍ਰਧਾਨ ਯੂਥ ਕਾਂਗਰਸ ਪਾਰਟੀ ਤੇ ਭਾਰਤ ਭੂਸ਼ਨ ਆਸ਼ੂ ਸਾਬਕਾ ਵਿਧਾਇਕ ਤੇ ਜੰਡਿਆਲਾ ਗੁਰੂ ਦੇ ਪਿੰਡ ਅਮਰਕੋਟ ਤੋ ਯੂਥ ਕਾਂਗਰਸ ਪਾਰਟੀ ਦੇ ਆਗੂ ਨਵਤੇਜ ਸਿੰਘ ਅਮਰਕੋਟ ਵੀ ਪਹੁੰਚੇ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਭਾਜਪਾ ਦਫ਼ਤਰ ਨੇੜੇ ਧਮਾਕੇ ਦੀ ਕ੍ਰਿਸਨ ਗੋਪਾਲ ਨੀਲੂ ਮਿੱਤਲ ਨੇ ਸਖ਼ਤ ਸ਼ਬਦਾ ਵਿੱਚ ਨਿਖੇਧੀ



ਧੂਰੀ ( ਰਣਜੀਤ ਸਿੰਘ ਪੇਧਨੀ ) ਪਿਛਲੇ ਦਿਨੀਂ ਸੈਕਟਰ 37 ਵਿਖੇ ਸਥਿਤ ਪੰਜਾਬ ਭਾਜਪਾ ਦਫ਼ਤਰ ਦੇ ਬਾਹਰ ਗ੍ਰੇਨੇਡ ਧਮਾਕਾ ਹੋਣ ਨਾਲ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ ਸੀ। ਹਾਲਾਂਕਿ ਇਸ ਘਟਨਾ ਵਿੱਚ ਕਿਸੇ ਤਰ੍ਹਾਂ ਦਾ ਜਾਨੀ ਨੁਕਸਾਨ ਨਹੀਂ ਹੋਇਆ ਜਿਸ ਸਖ਼ਤ ਸ਼ਬਦਾ ਵਿੱਚ ਨਿਖੇਧੀ ਕਰਦਿਆਂ ਬੀਜੇਪੀ ਦੇ ਸੀਨੀਅਰ ਆਗੂ ਕ੍ਰਿਸਨ ਗੋਪਾਲ ਨੀਲੂ ਮਿੱਤਲ ਨੇ ਕਿਹਾ ਕਿ ਇਹ ਦੂਸਰੀਆਂ ਸਿਆਸੀ ਪਾਰਟੀਆਂ ਅਤੇ ਦੇਸ ਵਿਰੋਧੀ ਤਾਕਤਾਂ ਬੁਖਲਾਹਟ ਦਾ ਨਤੀਜਾ ਹੈ ਕਿਉਂਕਿ ਮੋਗਾ ਰੈਲੀ ਤੋਂ ਬਾਅਦ ਪੰਜਾਬ ਵਿੱਚ ਭਾਜਪਾ ਦਾ ਜਨ ਅਧਾਰ ਵਧਿਆ ਅਤੇ ਪੰਜਾਬ ਦੇ ਲੋਕ ਹੁਣ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਵੇਖਣਾ ਚਾਹੁੰਦੇ ਹਨ। ਇਸਨੂੰ ਕਾਨੂੰਨ-ਵਿਵਸਥਾ ਲਈ ਗੰਭੀਰ ਚੁਣੌਤੀ ਦੱਸਦਿਆਂ ਦੋਸ਼ੀਆਂ ਵਿਰੁੱਧ ਕੜੀ ਕਾਰਵਾਈ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਨਾਲ ਲੋਕਾਂ ਵਿੱਚ ਡਰ ਦਾ ਮਾਹੌਲ ਬਣਦਾ ਹੈ । ਜਿਸਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਹਨਾਂ ਅਖੀਰ ਵਿੱਚ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਦੇਸ ਧੋਹੀ ਤਾਕਤਾਂ ਦਾ ਮੂੰਹ ਤੋੜ ਜਵਾਬ ਦੇਣ, ਏਕਤਾ ਸਾਂਝੀਵਾਲਤਾ ਅਤੇ ਭਾਈਚਾਰਕ ਸਾਂਝ ਬਣਾਈ ਰੱਖਣ ਤਾਂ ਕਿ ਦੇਸ਼ ਅਤੇ ਪੰਜਾਬ ਤਰੱਕੀ ਅਤੇ ਖੁਸ਼ਹਾਲੀ ਦੇ ਜਾ ਸਕੇ।

## ਅਗਲੀ ਸਰਕਾਰ ਸ਼੍ਰੋਮਣੀ ਅਕਾਲੀ ਦਲ ਹੋਵੇਗੀ , ਸੁਖਬੀਰ ਬਾਦਲ ਹੋਣਗੇ ਮੁੱਖ ਮੰਤਰੀ : ਮਨਜੀਤ ਸਿੰਘ ਭੱਟੀ



ਬਾਬਾ ਬਕਾਲਾ ਸਾਹਿਬ,,4 ਅਪ੍ਰੈਲ ( ਬਾਬਾ ਸੁਖਵੰਤ ਸਿੰਘ ਚੰਨਣਕੇ)- ਅਗਲੀ ਸਰਕਾਰ ਸ਼੍ਰੋਮਣੀ ਅਕਾਲੀ ਦਲ ਦੀ ਬਣੇਗੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਮਾਝੇ ਦੇ ਜਰਨੈਲ ਬਿਕਰਮ ਸਿੰਘ ਮਜੀਠੀਆ ਦੀ ਅਗਵਾਈ 'ਚ 'ਪੰਜਾਬ ਬਚਾਓ ਰੈਲੀ' ਮੁਹਿੰਮ ਨੂੰ ਲੋਕਾਂ ਦਾ ਤਗੜਾ ਹੁੰਗਾਰਾ ਮਿਲ ਰਿਹਾ ਹੈ।ਇਹ ਪ੍ਰਗਟਾਵਾ ਹਲਕਾ ਜੰਡਿਆਲਾ ਗੁਰੂ ਦੇ ਸੀਨੀਅਰ ਅਕਾਲੀ ਆਗੂ ਅਤੇ ਐੱਸ.ਸੀ. ਵਿੰਗ ਦੇ ਜ਼ਿਲਾ ਪ੍ਰਧਾਨ ਮਨਜੀਤ ਸਿੰਘ ਭੱਟੀ ਨੇ ਅੱਜ ਇਥੇ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਆਖਿਆ ਕਿ ਅਕਾਲੀ ਦਲ ਦੀ ਹਰ ਰੈਲੀ ਵਿਚ ਲੋਕਾਂ ਦਾ ਠਾਠਾਂ ਮਾਰਦਾ ਇਕੱਠ ਇਸ ਗੱਲ ਦਾ ਸਪੱਸ਼ਟ ਸੰਕੇਤ ਹੈ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿਚ ਭਾਰੀ ਬਹੁਮਤ ਨਾਲ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣੇਗੀ ਅਤੇ ਸ. ਸੁਖਬੀਰ ਸਿੰਘ ਬਾਦਲ ਮੁੱਖ ਮੰਤਰੀ ਹੋਣਗੇ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਦੀਆਂ ਮਾਰੂ ਨੀਤੀਆਂ ਤੋਂ ਤੰਗ ਆਏ ਲੋਕ ਆਪਣੀ ਖੇਤਰੀ ਪਾਰਟੀ ਦੇ ਹੱਕ ਵਿੱਚ ਡੱਟਣ ਲਈ ਕਮਰਕੱਸੇ ਕਰ ਚੁੱਕੇ ਹਨ। ਮੌਜੂਦਾ ਸਰਕਾਰ ਦੀ ਬਿਨਾਂ ਪ੍ਰਵਾਹ ਕੀਤੇ ਨੌਜਵਾਨ, ਬਜੁਰਗ ਅਤੇ ਬੀਬੀਆਂ ਵਹੀਰਾਂ ਘੱਤ ਕੇ ਅਕਾਲੀ ਰੈਲੀਆਂ ਵਿੱਚ ਪਹੁੰਚ ਰਹੇ ਹਨ। ਜ਼ਿਲਾ ਪ੍ਰਧਾਨ ਮਨਜੀਤ ਸਿੰਘ ਭੱਟੀ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਹਮੇਸ਼ਾਂ ਗਰੀਬਾਂ ਦੀ ਲੜਾਈ, ਕਿਸਾਨਾਂ, ਵਪਾਰੀਆਂ ਅਤੇ ਪੰਜਾਬ ਦੇ ਹੱਕਾਂ ਦੀ ਲੜਾਈ ਹਿੱਕ ਡਾਹ ਕੇ ਲੜੀ ਹੈ। ਜਿਸ ਕਰਕੇ ਹਰ ਵਰਗ ਨਾਲ ਸਬੰਧਤ ਲੋਕ ਹੁਣ ਅਕਾਲੀ ਸਰਕਾਰ ਨੂੰ ਯਾਦ ਕਰ ਰਹੇ ਹਨ।

## ਪੁਰਾਣੇ ਮੋਬਾਈਲ ਦੇਣ ਦੀ ਯੋਜਨਾ ਖਿਲਾਫ਼ ਆਂਗਣਵਾੜੀ ਯੂਨੀਅਨ ਦੇ ਮੈਂਬਰਾਂ ਨੇ ਖੋਲਿਆ ਮੋਰਚਾ



**ਭਿੱਖੀਵਿੰਡ, 4 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)** - ਆਂਗਣਵਾੜੀ ਵਰਕਰਾਂ ਨੂੰ ਸਮਾਰਟਫੋਨ ਵੰਡਣ ਦਾ ਮਾਮਲਾ ਹੁਣ ਤੂਲ ਫੜਦਾ ਜਾ ਰਿਹਾ ਹੈ। ਭਿੱਖੀਵਿੰਡ ਵਿਖੇ ਯੂਨੀਅਨ ਦੀ ਜ਼ਿਲ੍ਹਾ ਪੱਧਰੀ ਇੱਕ ਪ੍ਰੈਸ ਕਾਨਫਰੰਸ ਦੌਰਾਨ ਆਂਗਣਵਾੜੀ ਮੁਲਾਜ਼ਮ ਯੂਨੀਅਨ (ਸੀਟੂ) ਦੀ ਜ਼ਿਲ੍ਹਾ ਪ੍ਰਧਾਨ ਅਨੂਪ ਕੌਰ ਬਲੇਰ ਨੇ ਪੰਜਾਬ ਸਰਕਾਰ ਦੀ "ਸਮਾਰਟਫੋਨ ਵੰਡ ਯੋਜਨਾ" 'ਤੇ ਗੰਭੀਰ ਸਵਾਲ ਚੁੱਕੇ ਹਨ। ਬਲੇਰ ਨੇ ਕਿਹਾ ਕਿ ਆਂਗਣਵਾੜੀ ਵਰਕਰਾਂ ਦੇ ਨਾਮ 'ਤੇ ਆਏ ਸਮਾਰਟਫੋਨ ਉਨ੍ਹਾਂ ਨੂੰ ਹੀ ਮਿਲਣੇ ਚਾਹੀਦੇ ਹਨ। ਇਹ ਮੋਬਾਈਲ ਆਂਗਣਵਾੜੀ ਵਰਕਰਾਂ ਦੇ ਕੰਮ ਦੇ ਲਈ ਆਏ ਹਨ। ਉਹ ਬੀਐਲਓ ਦੁਆਰਾ ਇਸਤੇਮਾਲ ਕੀਤੇ ਜਾ ਚੁੱਕੇ ਜਾਂ ਪੁਰਾਣੇ ਫੋਨ ਕਿਸੇ ਵੀ ਕੀਮਤ 'ਤੇ ਸਵੀਕਾਰ ਨਹੀਂ ਕਰਨਗੇ। ਸਰਕਾਰ ਨੂੰ ਉਹੋ ਨਵੇਂ ਸਮਾਰਟਫੋਨ ਦੇਣੇ ਹੋਣਗੇ, ਜੋ ਉਨ੍ਹਾਂ ਲਈ ਜਾਰੀ ਹੋਏ ਹਨ। ਜੇਕਰ ਸਰਕਾਰ ਪੁਰਾਣੇ ਫੋਨ ਦੇਣ ਦੀ ਜਿਦ ਕਰਦੀ ਹੈ ਤਾਂ ਉਹ ਉਨ੍ਹਾਂ ਨੂੰ ਰਿਸੀਵ (ਪ੍ਰਾਪਤ) ਹੀ ਨਹੀਂ ਕਰਨਗੇ। ਬਲੇਰ ਨੇ ਦੋਸ਼ ਲਗਾਇਆ ਕਿ ਹੁਣ ਸਾਲ 2026 'ਚ 28515 ਮੋਬਾਈਲ ਦੇਣ ਦਾ ਸਮਾਂ ਆਇਆ ਹੈ ਤਾਂ ਸਰਕਾਰ ਬੀਐਲਓ ਦੁਆਰਾ ਇਸਤੇਮਾਲ ਕੀਤੇ ਜਾ ਚੁੱਕੇ ਪੁਰਾਣੇ ਮੋਬਾਈਲ ਦੇਣ ਦੀ ਕੋਸ਼ਿਸ਼ ਕਰ ਰਹੀ ਹੈ। ਅਨੂਪ ਕੌਰ ਬਲੇਰ ਨੇ ਕਿਹਾ ਕਿ ਮੋਬਾਈਲ ਮਿਲਣ 'ਚ ਦੇਰੀ ਹੋਣ ਦੇ ਕਾਰਨ ਉਨ੍ਹਾਂ ਦਾ ਕੰਮ ਪਹਿਲਾਂ ਹੀ ਪਿਛੜ ਚੁੱਕਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਜਲਦ ਤੋਂ ਜਲਦ ਨਵੇਂ ਮੋਬਾਈਲ ਫੋਨ ਮੁੱਹਈਆ ਕਰਵਾਏ ਤਾਂਕਿ ਵਿਭਾਗ ਦਾ ਕੰਮ ਸੁਚਾਰੂ ਢੰਗ ਨਾਲ ਕੀਤਾ ਜਾ ਸਕੇ। ਪੁਰਾਣੇ ਅਤੇ ਇਸਤੇਮਾਲ ਕੀਤੇ ਹੋਏ ਮੋਬਾਈਲ ਕਿਸੀ ਵੀ ਸੂਰਤ ਵਿੱਚ ਸਵੀਕਾਰ ਨਹੀਂ ਕੀਤੇ ਜਾਣਗੇ। ਯੂਨੀਅਨ ਦਾ ਤਰਕ ਹੈ ਕਿ ਇਹ ਸਮਾਰਟਫੋਨ ਵਿਸ਼ੇਸ਼ ਤੌਰ ਤੇ ਪੋਸ਼ਣ ਟ੍ਰੈਕਰ ਐਪ ਅਤੇ ਵਰਕਰਾਂ ਦੇ ਵਿਭਾਗੀ ਕੰਮਾਂ ਦੇ ਲਈ ਜਾਰੀ ਕੀਤੇ ਗਏ ਹਨ। ਸਰਕਾਰ ਨੂੰ ਉਹੀ ਨਵੇਂ ਸਮਾਰਟਫੋਨ ਦੇਣੇ ਹੋਣਗੇ, ਜੋ ਵਰਕਰਾਂ ਦੇ ਲਈ ਆਏ ਹਨ। ਉਨ੍ਹਾਂ ਕਿਹਾ ਕਿ ਜਦ ਸਰਕਾਰ ਨੇ ਉਨ੍ਹਾਂ ਨੂੰ ਪੁਰਾਣੇ ਫੋਨ ਦੇਣ ਦੀ ਜਿਦ ਕੀਤੀ ਤਾਂ ਵਰਕਰਾਂ ਉਨ੍ਹਾਂ ਨੂੰ ਰਿਸੀਵ (ਪ੍ਰਾਪਤ) ਹੀ ਨਹੀਂ ਕਰਨਗੀਆਂ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਅਨੂਪ ਕੌਰ ਬਲੇਰ ਤੋਂ ਇਲਾਵਾ ਵੀਰਪਾਲ ਕੌਰ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ, ਗੁਰਜੀਤ ਕੌਰ ਸਾਂਡਪੁਰਾ ਬਲਾਕ ਪ੍ਰਧਾਨ ਭਿੱਖੀਵਿੰਡ, ਬਲਵਿੰਦਰ ਕੌਰ ਬਲਾਕ ਪ੍ਰਧਾਨ ਗੰਡੀਵਿੰਡ ਅਤੇ ਪ੍ਰਮਜੀਤ ਕੌਰ ਜ਼ਿਲ੍ਹਾ ਮੀਤ ਪ੍ਰਧਾਨ ਸਮੇਤ ਯੂਨੀਅਨ ਦੇ ਹੋਰ ਸੀਨੀਅਰ ਆਹੁਦੇਦਾਰਾਂ ਨੇ ਮੰਗ ਕੀਤੀ ਹੈ ਕਿ ਸਰਕਾਰ ਬਹਾਨੇਬਾਜ਼ੀ ਛੱਡ ਕੇ ਆਂਗਣਵਾੜੀ ਕੇਂਦਰਾਂ ਦੇ ਲਈ ਆਏ ਸਮਾਰਟਫੋਨ ਤੁਰੰਤ ਵਰਕਰਾਂ ਨੂੰ ਨੂੰ ਸੌਂਪੇ ਜਾਣ। ਉਨ੍ਹਾਂ ਦਾ ਤਰਕ ਹੈ ਕਿ ਪੁਰਾਣੇ ਫੋਨ 'ਚ ਤਕਨੀਕੀ ਮੁਸ਼ਕਲਾਂ ਹੋ ਸਕਦੀਆਂ ਹਨ ਅਤੇ ਇਹ ਉਨ੍ਹਾਂ ਦੇ ਕੰਮ ਨੂੰ ਹੋਰ ਵੀ ਮੁਸ਼ਕਲ ਬਣਾ ਦੇਵੇਗਾ।

# ਝੂਠੇ ਦੇਹਧਾਰੀ ਗੁਰੂ ਡੰਮ ਵਾਲੇ ਲੋਕਾਂ ਦੀ ਰੋਜ਼ੀ ਰੋਟੀ ਦਾ ਪ੍ਰਬੰਧ ਵੀ ਅਕਾਲ ਪੁਰਖ ਦਾ ਨਾਮ ਹੀ ਕਰ ਰਿਹਾ ਹੈ

**ਬਾਬਾ ਬਘੇਲ ਸਿੰਘ ਜਥੇਦਾਰ ਧਾਰਮਿਕ ਵਿੰਗ ਇੰਟਰਨੈਸ਼ਨਲ ਪੰਥਕ ਦਲ ਇੰਗਲੈਂਡ ਅਤੇ ਯੂਰਪ**





**ਧੰਨ ਧੰਨ ਸਾਹਿਬ** ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਰੂਪ ਵਿੱਚ ਅਕਾਲ ਪੁਰਖ ਨੇ ਕੁੱਲ ਲੁਕਾਈ ਉੱਪਰ ਇਹ ਬਹੁਤ ਵੱਡਾ ਪਰਉਪਕਾਰ ਕੀਤਾ ਹੈ ਜੋ ਸਾਨੂੰ ਕਲਯੁਗ ਦੇ ਭਿਆਨਕ ਸਮੇਂ ਅੰਦਰ ਧੰਨ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਗੁਰਬਾਣੀ ਬਖਸ਼ਿਸ਼ ਕੀਤੀ੍ ਅੱਜ ਜਿੱਥੇ ਪੂਰਾ ਸੰਸਾਰ ਆਪੋ ਆਪਣੀ ਹਉਮੈ ਅਤੇ ਤਾਕਤ ਦੇ ਅਨੁਸਾਰ ਦੁਨੀਆਂ ਨੂੰ ਚਲਾਉਣਾ ਚਾਹੁੰਦਾ ਹੈ ਉਥੇ ਧੰਨ ਗੁਰੂ ਨਾਨਕ ਦੇਵ ਮਹਾਰਾਜ ਜੀ ਤੋਂ ਲੈ ਕੇ ਧੰਨ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਤੱਕ ਦਸਾਂ ਜਾਮਿਆਂ ਵਿੱਚ ਵਿਚਰ ਕੇ ਕੁੱਲ ਲੁਕਾਈ ਨੂੰ ਇੱਕ ਸਾਂਝਾ ਸੰਦੇਸ਼ ਦਿੱਤਾ ਸਭੇ ਸਾਂਝੀ ਵਾਲ ਸਦਾਇਨ ਕੋਇ ਨ ਦਿਸੈ ਬਾਹਰਾ ਜੀਉ੍ ਪਰ ਹੰਕਾਰ ਅਤੇ ਲਾਲਚ ਵੱਸ ਹੋਇਆ ਮਨੁੱਖ ਪਹਿਲੇ ਸਮੇਂ ਤੋਂ ਹੀ ਗੁਰੂ ਕੇ ਬਖਸ਼ਿਸ਼ ਕੀਤੇ ਹੋਏ ਇਸ ਸਿਧਾਂਤ ਦੇ ਨਾਲ ਝਗੜਾ ਮੁੱਲ ਲੈਂਦਾ ਰਿਹਾ ਹੈ ਅਤੇ ਆਪਣੇ ਆਪ ਨੂੰ ਸਥਾਪਿਤ ਕਰਨ ਵਾਸਤੇ ਗੁਰੂ ਸੱਚੇ ਪਾਤਸ਼ਾਹ ਜੀ ਦੀ ਬਾਣੀ ,ਗੁਰੂ ਮਹਾਰਾਜ, ਅਤੇ ਗੁਰੂ ਕੇ ਸਿਧਾਂਤ ਦਾ ਸ਼ਰੀਕ ਬਣ ਕੇ ਗੁਰੂ ਦੀ ਬਰਾਬਰੀ ਕਰਦਾ ਆਇਆ ਹੈ੍ ਸਮੇਂ ਦੀਆਂ ਸਰਕਾਰਾਂ ਨੇ ਅਜਿਹੇ ਲੋਕਾਂ ਨੂੰ ਹਮੇਸ਼ਾ ਹੱਲਾਸ਼ੇਰੀ ਦਿੱਤੀ ਹੈ ਤਾਂ ਜੋ ਸੰਸਾਰ ਦੇ ਵਿੱਚ ਆਪਣਾ ਰਾਜਭਾਗ ਅਤੇ ਲੋਕਾਂ ਨੂੰ ਗੁਲਾਮ ਬਣਾ ਕੇ ਆਪਣੀ ਹਕੂਮਤ ਸਥਾਪਿਤ ਕੀਤੀ ਜਾ ਸਕੇ ਕਿਉਂਕਿ

ਆਵਾਜ਼ਿ ਕੌਮ
AWAZE QAUM
International Newspaper & WEB TV

ਜੋ ਜੋ ਵੀ ਗੁਰੂ ਕੀ ਗੁਰਬਾਣੀ ਨੂੰ ਪੜੇਗਾ ਗੁਰੂ ਕੇ ਸਿਧਾਂਤ ਨੂੰ ਸਮਝੇਗਾ ਉਹ ਕਦੇ ਵੀ ਕਿਸੇ ਦਾ ਗੁਲਾਮ ਨਹੀਂ ਬਣ ਸਕਦਾ ਇਸੇ ਕਰਕੇ ਹਮੇਸ਼ਾ ਸਮੇਂ ਸਮੇਂ ਦੇ ਨਾਲ ਸਮੇਂ ਦੀਆਂ ਸਰਕਾਰਾਂ ਵੱਲੋਂ ਇਹਨਾਂ ਟੁਕੜਬੋਚ ਲੋਕਾਂ ਨੇ ਧੰਨ ਗੁਰੂ ਗ੍ਰੰਥ ਸਾਹਿਬ ਮਹਾਰਾਜ ਗੁਰੂ ਸਾਹਿਬਾਨ ਅਤੇ ਗੁਰੂ ਕੀ ਗੁਰਬਾਣੀ ਦੇ ਉੱਪਰ ਕਿੰਤੂ ਪ੍ਰੰਤੂ ਕਰਕੇ ਸੰਗਤਾਂ ਨੂੰ ਗੁਮਰਾਹ ਕਰਨ ਦੀਆਂ ਕੋਝੀਆਂ ਹਰਕਤਾਂ ਕੀਤੀਆਂ ਹਨ੍ ਅੱਜ ਨਵੇਂ ਜਮਾਨੇ ਦੀ ਤਰੱਕੀ ਅਤੇ ਨਵੇਂ ਜਮਾਨੇ ਦੇ ਹਾਈਟੈਕ ਯੁੱਗ ਨੇ ਮਨੁੱਖ ਨੂੰ ਇਨਾ ਕੁ ਆਪੋ ਆਪਣੀ ਨਿੱਜੀ ਜ਼ਿੰਦਗੀ ਦੇ ਵਿੱਚ ਉਲਝਾ ਦਿੱਤਾ ਹੈ ਕਿ ਉਸ ਨੂੰ ਗੁਰੂ ਕੇ ਸਿਧਾਂਤ ਅਤੇ ਗੁਰੂ ਕੀ ਗੁਰਬਾਣੀ ਵਾਸਤੇ ਸਮਾਂ ਨਹੀਂ ਮਿਲਦਾ ਕੇਵਲ ਆਪਣੀ ਰੋਜ਼ੀ ਰੋਟੀ ਅਤੇ ਪੈਸਾ ਕਮਾਉਣ ਦੇ ਚੱਕਰ ਵਿੱਚ ਦਿਨ ਰਾਤ ਦੀ ਭੱਜ ਦੌੜ ਦੇ ਵਿੱਚ ਲੱਗਾ ਹੋਇਆ ਹੈ੍ ਅਜਿਹੇ ਜ਼ਿੰਦਗੀ ਦੇ ਵਿੱਚ ਦੁੱਖਾਂ ਸੁੱਖਾਂ ਨੂੰ ਸਹਾਰਦੇ ਹੋਏ ਆਪਣੇ ਪਰਿਵਾਰ ਨੂੰ ਪਾਲਣ ਵਾਸਤੇ ਰੋਜ਼ ਜ਼ਿੰਦਗੀ ਦੀ ਜਦੋ ਜਹਿਦ ਕਰਨ ਵਾਲੇ ਆਮ ਲੋਕਾਂ ਵਾਸਤੇ ਇਹ ਢੌਂਗੀ ਲੋਕ ਇੱਕ ਮਸੀਹਾ ਬਣ ਕੇ ਆਉਂਦੇ ਹਨ ਅਤੇ ਉਹਨਾਂ ਨੂੰ ਝੂਠੀ ਚਕਾ ਚੌਂਦ ਅਤੇ ਜ਼ਿੰਦਗੀ ਦੇ ਇਹਨਾਂ ਦੁੱਖਾਂ ਤੋਂ ਛੁਟਕਾਰਾ ਦੇਣ ਦੇ ਨਾਂ ਤੇ ਮਾਇਆ ਦੇ ਲਾਲਚ ਦੇ ਕੇ ਆਪਣੇ ਵੱਲ ਖਿੱਚਣ ਦਾ ਯਤਨ ਕਰਦੇ ਹਨ੍ ਘਰਬਾਰ ਕੰਮ ਕਾਰ ਪਰਿਵਾਰਿਕ ਜ਼ਿੰਮੇਵਾਰੀਆਂ ਅਤੇ ਜ਼ਿੰਦਗੀ ਦੇ ਵਿੱਚ ਪੈਸੇ ਦੀ ਕਮੀ ਇਹ ਸਾਰੇ ਕਾਰਨ ਬਣ ਜਾਂਦੇ ਹਨ ਇਹਨਾਂ ਆਮ ਲੋਕਾਂ ਨੂੰ ਇਹਨਾਂ ਢੋਂਗੀ ਬੰਦਿਆਂ ਦੇ ਸ਼ਿਕੰਜੇ ਵਿੱਚ ਫਸਾਉਣ ਵਾਸਤੇ ਅਤੇ ਬਹੁਤੇ ਲੋਕ ਅਣਜਾਣ ਪੁਣੇ ਵਿੱਚ ਹੀ ਆਪਣੀ ਜ਼ਿੰਦਗੀ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਕਰਾਉਣ ਵਾਸਤੇ ਇਹਨਾਂ ਲੋਕਾਂ ਦਾ ਸ਼ਿਕਾਰ ਬਣ ਜਾਂਦੇ ਹਨ੍ ਦੂਸਰਾ ਪੱਖ ਧੰਨ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਨੂੰ ਮੰਨਣ ਵਾਲੇ ਅਤੇ ਗੁਰੂ ਕੀ ਸਿੱਖੀ ਦਾ ਪ੍ਰਚਾਰ ਕਰਨ ਵਾਲੇ ਗੁਰੂ ਕੇ ਸਿੱਖਾਂ ਦਾ ਹੈ੍ ਜਿਨ੍ਹਾਂ ਦੀ ਜ਼ਿੰਮੇਵਾਰੀ ਬਣਦੀ ਸੀ ਕਿ ਗੁਰੂ ਕੇ ਸਿਧਾਂਤ ਦਾ ਪ੍ਰਚਾਰ ਘਰ ਘਰ ਅੰਦਰ ਤੱਕ ਪਹੁੰਚਦਾ ਪਰ ਕਿਸੇ ਕਾਰਨ ਕਰਕੇ ਆਪੋ ਆਪਣੇ ਨਿੱਜੀ ਮੁਫਾਦਾਂ ਵਿੱਚ ਫਸ ਕੇ ਰਹਿ ਗਏ ਅਤੇ ਗੁਰੂ ਕੇ ਸਿਧਾਂਤ ਦਾ ਪ੍ਰਚਾਰ ਜਿਸ ਪੱਧਰ ਤੇ ਘਰ ਘਰ ਤੱਕ ਜਾਣਾ ਚਾਹੀਦਾ ਸੀ ਉਹ ਨਹੀਂ ਕਰ ਸਕੇ੍ ਇਹੀ ਕਾਰਨ ਬਣਦੇ ਹਨ ਜੋ ਅੱਜ ਧੰਨ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਬਰਾਬਰ ਦੇਹਧਾਰੀ ਗੁਰੂ ਬਣ ਕੇ ਲੋਕਾਂ ਦੇ ਵਿੱਚ ਲੋਕਾਂ ਦੇ ਦੁੱਖਾਂ ਨੂੰ ਕੱਟਣ ਦੀ ਤਾਕਤ ਦਾ ਦਾਅਵਾ ਕਰਨ ਵਾਲੇ ਇਹ ਝੂਠੇ ਲੋਕ ਉਹਨਾਂ ਦੀ ਮਜਬੂਰੀ ਦਾ ਫਾਇਦਾ ਚੁੱਕ ਰਹੇ ਹਨ੍ ਇਸ ਦੇ ਨਾਲ ਹੀ ਜਿਨਾਂ ਲੋਕਾਂ ਨੂੰ ਧੰਨ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਬਾਣੀ ਗੁਰੂ ਕਾ ਸਿਧਾਂਤ ਚੰਗਾ ਨਹੀਂ ਲੱਗਦਾ ਉਹ ਸ਼ਾਇਦ ਭੁੱਲ ਗਏ ਹਨ ਕਿ ਗੁਰੂ ਨਾਨਕ ਦੇਵ ਪਾਤਸ਼ਾਹ ਮਹਾਰਾਜ ਜੀ ਨੇ ਸਾਰਿਆਂ ਨੂੰ ਆਪਣੇ ਕਲਾਵੇ ਵਿੱਚ ਲੈਂਦੇ ਹੋਇਆ ਸੰਤਾਂ ਮਹਾਂਪੁਰਖਾਂ ਗੁਰੂ ਕੇ ਭਗਤਾਂ ਰੱਬ ਕੇ ਪਿਆਰਿਆਂ ਦੀ ਬਾਣੀ ਨੂੰ ਇਕੱਤਰ ਕਰਕੇ ਪੰਜਵੇਂ ਸਰੂਪ ਦੇ ਅੰਦਰ ਧੰਨ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਵਿੱਚ ਆਪਣੇ ਬਰਾਬਰ ਜਗਹਾ ਦਿੱਤੀ ਸੀ੍ ਪਰ ਆਪਣੀ ਹਉਮੈ ਅਤੇ ਲਾਲਚ ਵੱਸ ਹੋ ਕਰਕੇ ਇਹਨਾਂ ਲੋਕਾਂ ਨੇ ਧੰਨ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਅੰਦਰ ਦਰਜ ਕੀਤੀ ਹੋਈ ਉਹਨਾਂ ਸੰਤਾਂ ਮਹਾਂਪੁਰਸ਼ਾਂ ਦੀ ਬਾਣੀ ਨੂੰ ਵਖਰਿਆ ਕਰਕੇ ਗੁਰੂ ਦੀ ਬਰਾਬਰਤਾ ਕਰਦਿਆਂ ਹੋਇਆਂ ਆਪਣੇ ਝੂਠੇ ਗ੍ਰੰਥ ਛਾਪ ਲਏ ਅਤੇ ਅੱਜ ਵੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਨਕਲ ਕਰਕੇ ਗੁਰੂ ਕੇ ਸਿਧਾਂਤ ਦਾ ਦਿਖਾਵਾ ਕਰਦਿਆਂ ਹੋਇਆਂ ਆਪਣੀਆਂ ਮਨਘੜਤ ਬਣਾਈਆਂ ਹੋਈਆਂ



ਕਵਿਤਾਵਾਂ ਅਤੇ ਗੁਰੂ ਸਿਧਾਂਤ ਦੀਆਂ ਧੱਜੀਆਂ ਉਡਾ ਕੇ ਆਪਣੇ ਘਰ ਬਾਰ ਚਲਾਉਣ ਦੀ ਕੋਸ਼ਿਸ਼ ਕਰ ਰਹੇ ਹਨ੍। ਧੰਨ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਬਾਣੀ ਨੂੰ ਮੰਨਣ ਵਾਲੇ ਗੁਰੂ ਕੇ ਸਿੱਖਾਂ ਨੂੰ ਕਦੇ ਵੀ ਕਿਸੇ ਦੂਸਰੇ ਧਰਮ ਕਿਸੇ ਧਾਰਮਿਕ ਗ੍ਰੰਥ ਜਾਂ ਉਹਨਾਂ ਦੇ ਮੰਨਣ ਵਾਲੇ ਲੋਕਾਂ ਦੇ ਨਾਲ ਕੋਈ ਇਤਰਾਜ਼ ਨਹੀਂ ਰਿਹਾ ਹੈ੍ ਆਪੋ ਆਪਣੀ ਮੱਤ ਦੇ ਅਨੁਸਾਰ ਕੋਈ ਵੀ ਮਨੁੱਖ ਕਿਸੇ ਵੀ ਧਰਮ ਨੂੰ ਕਿਸੇ ਵੀ ਧਾਰਮਿਕ ਗ੍ਰੰਥ ਨੂੰ ਅਤੇ ਉਹਨਾਂ ਦੀਆਂ ਮਾਨਤਾਵਾਂ ਨੂੰ ਮੰਨਣ ਲਈ ਬਿਲਕੁਲ ਸੁਤੰਤਰ ਹੈ੍ ਇਸ ਦੇ ਨਾਲ ਹੀ ਆਪੋ ਆਪਣੇ ਧਰਮਾਂ ਦੇ ਅਨੁਸਾਰ ਉਹਨਾਂ ਦੇ ਮੰਨਣ ਵਾਲੇ ਲੋਕਾਂ ਦੇ ਰੀਤੀ ਰਿਵਾਜ ਉਹਨਾਂ ਦੇ ਆਪਣੇ ਧਾਰਮਿਕ ਅਤੇ ਸਮਾਜਿਕ ਕਾਰਜਾਂ ਨੂੰ ਕਰਨ ਦੇ ਰੰਗ ਢੰਗ ਅਤੇ ਜਿਹੜੇ ਵੀ ਉਹਨਾਂ ਦੇ ਗੁਰੂ ਪੈਗੰਬਰ ਹੋਏ ਹਨ ਉਹਨਾਂ ਦੇ ਅਨੁਸਾਰ ਉਹਨਾਂ ਨੂੰ ਆਪਣੇ ਕਾਰਜ ਕਰਨ ਵਾਸਤੇ ਪ੍ਰੇਰਨਾ ਅਤੇ ਸਿਧਾਂਤ ਦਿੱਤੇ ਗਏ ਹਨ੍ ਜਿਨ੍ਹਾਂ ਦੇ ਨਾਲ ਸਿੱਖੀ ਦਾ ਅਤੇ ਸਿੱਖਾਂ ਦਾ ਕਦੇ ਵੀ ਕੋਈ ਵਿਰੋਧ ਨਹੀਂ ਰਿਹਾ ਹੈ ਪਰ ਹਮੇਸ਼ਾ ਤੋਂ ਧੰਨ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਨੂੰ ਨਿਸ਼ਾਨਾ ਬਣਾ ਕੇ ਧੰਨ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਨਕਲ ਕਰਨ ਵਾਲੇ ਇਹਨਾਂ ਲੋਕਾਂ ਨੂੰ ਹਮੇਸ਼ਾ ਤਾੜਨਾ ਕਰਦੇ ਰਹੇ ਹਨ੍ ਅੱਜ ਵੀ ਧੰਨ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਤੋਂ ਵੱਖ ਹੋ ਕੇ ਆਪਣੇ ਧਾਰਮਿਕ ਗ੍ਰੰਥ ਬਣਾ ਲੈਣੇ ਗੁਰੂ ਸਾਹਿਬ ਜੀ ਦੀਆਂ ਰਚੀਆਂ ਹੋਈਆਂ ਬਾਣੀਆਂ ਦੀ ਨਕਲ ਕਰਨੀ ਪਾਲਕੀ ਸਾਹਿਬ ਚੰਦੋਹਾ ਸਾਹਿਬ ਚੌਰ ਸਾਹਿਬ ਦੀ ਨਕਲ ਕਰਨੀ ਇਥੋਂ ਤੱਕ ਕਿ ਧੰਨ ਗੁਰੂ ਗ੍ਰੰਥ ਸਾਹਿਬ ਮਹਾਰਾਜ ਅੰਦਰ ਦਰਜ ਕੀਤੀ ਹੋਈ ਲਾਵਾਂ ਦੀ ਬਾਣੀ ਦੀ ਨਕਲ ਕਰਦਿਆਂ ਹੋਇਆਂ ਚਾਰ ਲਾਵਾਂ ਆਪਣੇ ਤੌਰ ਤੇ ਆਪਣੇ ਕੋਲੋਂ ਬਣਾਈਆਂ ਹੋਈਆਂ ਕਹਾਣੀਆਂ ਦੁਆਰਾ ਹੂਬਹੂ ਉਸੇ ਤਰ੍ਹਾਂ ਰਚ ਲੈਣੀਆਂ ਇਹ ਸਾਰੀਆਂ ਗੱਲਾਂ ਇਸ ਪਾਸੇ ਵੱਲ ਇਸ਼ਾਰਾ ਕਰਦੀਆਂ ਹਨ ਕਿ ਜਿਨਾਂ ਲੋਕਾਂ ਨੇ ਧੰਨ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਨਾਲੋਂ ਆਪਣਾ ਨਾਤਾ ਤੋੜ ਲਿਆ ਹੈ ਪਰ ਫਿਰ ਵੀ ਧੰਨ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਨਕਲ ਅਤੇ ਧੰਨ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ

**ਬਾਬਾ ਬਘੇਲ ਸਿੰਘ**
**ਜਥੇਦਾਰ ਧਾਰਮਿਕ ਵਿੰਗ ਇੰਟਰਨੈਸ਼ਨਲ ਪੰਥਕ ਦਲ ਇੰਗਲੈਂਡ ਅਤੇ ਯੂਰਪ**

ਚਕਾ ਚੌਂਧ ਅਤੇ ਗੁਰੂ ਸੱਚੇ ਪਾਤਸ਼ਾਹ ਦੀ ਚੜ੍ਹਦੀ ਕਲਾ ਇਹਨਾਂ ਲੋਕਾਂ ਨੂੰ ਹਜਮ ਨਹੀਂ ਹੁੰਦੀ ਤੇ ਇਹਨਾਂ ਦੇ ਆਪੋ ਆਪਣੇ ਕਾਰੋਬਾਰ ਗੁਰੂ ਸੱਚੇ ਪਾਤਸ਼ਾਹ ਜੀ ਦੀ ਨਕਲ ਕਰਕੇ ਹੀ ਚਲਦੇ ਹਨ੍ ਇਸੇ ਕਰਕੇ ਹੀ ਅਣਜਾਣ ਪੁਣੇ ਵਿੱਚ ਭੋਲੇ ਭਾਲੇ ਲੋਕ ਇਹਨਾਂ ਦੀ ਇਸ ਕਾਰਸਤਾਨੀ ਦਾ ਹਿੱਸਾ ਬਣ ਜਾਂਦੇ ਹਨ੍ ਆਪਣੇ ਡੇਰੇ ਚਲਾਉਣ ਵਾਸਤੇ ਵੀ ਇਹਨਾਂ ਨੂੰ ਧੰਨ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਤਰ੍ਹਾਂ ਗੁਰਦੁਆਰਿਆਂ ਦੀ ਸ਼ਕਲ ਵਿੱਚ ਆਪਣੇ ਭਵਨ ਬਣਾਉਣੇ ਗੁਰੂ ਦੀ ਤਰ੍ਹਾਂ ਗੱਦੀ ਲਾ ਕੇ ਆਪ ਬਹਿਣਾ ਗੁਰੂ ਸੱਚੇ ਪਾਤਸ਼ਾਹ ਜੀ ਦੀ ਤਰ੍ਹਾਂ ਹੀ ਲੰਗਰ ਚਲਾਉਣੇ ਆਦਿ ਕੰਮ ਦੀ ਨਕਲ ਕਰਨੀ ਪੈਂਦੀ ਹੈ੍ ਪਰ ਜਦੋਂ ਸੰਗਤਾਂ ਨੂੰ ਇਹਨਾਂ ਦੀ ਸੱਚਾਈ ਦਾ ਪਤਾ ਲੱਗਦਾ ਹੈ ਤੇ ਗੁਰੂ ਸੱਚੇ ਪਾਤਸ਼ਾਹ ਜੀ ਦੀ ਨਕਲ ਕਰਕੇ ਆਪਣੇ ਕਾਰੋਬਾਰ ਚਲਾਉਣ ਵਾਲੇ ਇਹਨਾਂ ਲੋਕਾਂ ਨੂੰ ਬਹੁਤਾ ਸਮਾਂ ਨਹੀਂ ਲੱਗਦਾ ਫਿਰ ਬੋਰੀਆ ਬਿਸਤਰ ਲਪੇਟ ਕੇ ਕਿਸੇ ਹੋਰ ਥਾਂ ਜਾਣ ਵਾਸਤੇ ਜਿਹੜੇ ਦੇਹਧਾਰੀ ਗੁਰੂ ਬਣ ਕੇ ਗੁਰੂ ਸੱਚੇ ਪਾਤਸ਼ਾਹ ਜੀ ਦੀ ਗੁਰਤਾ ਗੱਦੀ ਤੇ ਸਵਾਲ ਚੁੱਕ ਰਹੇ ਹਨ ਉਹਨਾਂ ਤੋਂ ਸੁਚੇਤ ਹੋ ਕੇ ਸੰਗਤਾਂ ਨੂੰ ਪੁੱਛ ਲੈਣਾ ਚਾਹੀਦਾ ਹੈ ਕਿ ਜੇਕਰ ਤੁਸੀਂ ਗੁਰੂ ਬਣ ਕੇ ਸੰਗਤਾਂ ਦੇ ਪਰਉਪਕਾਰ ਕਰਨ ਵਾਸਤੇ ਆਏ ਹੋ ਤੇ ਫਿਰ ਆਮ ਮਨੁੱਖਾਂ ਤੇ ਤੁਹਾਡੇ ਵਿੱਚ ਅੰਤਰ ਹੋਣਾ ਚਾਹੀਦਾ ਹੈ ਪਰ ਜੇਕਰ ਆਪਣੇ ਦੁੱਖਾਂ ਦੀ ਨਿਵਿਰਤੀ ਵਾਸਤੇ ਵੀ ਤੁਸੀਂ ਸਰਕਾਰੀ ਡਾਕਟਰਾਂ ਤੇ ਹਸਪਤਾਲਾਂ ਦਾ ਆਸਰਾ ਲੈਂਦੇ ਹੋ ਲੋੜਵੰਦਾਂ ਦੀ ਮਦਦ ਨਹੀਂ ਕਰ ਸਕਦੇ ਗੁਰੂ ਸੱਚੇ ਪਾਤਸ਼ਾਹ ਜੀ ਦੀ ਤਰ੍ਹਾਂ 24 ਘੰਟੇ ਸੱਤੇ ਦਿਨ ਭੁੱਖੇ ਲਈ ਪ੍ਰਸ਼ਾਦਾ ਤੇ ਲੋੜਵੰਦ ਲਈ ਸਹਾਇਤਾ ਨਹੀਂ ਦੇ ਸਕਦੇ ਤੇ ਫਿਰ ਤੁਸੀਂ ਗੁਰੂ ਦੀ ਬਰਾਬਰਤਾ ਕਿਵੇਂ ਕਰ ਰਹੇ ਹੋ੍ ਗੁਰੂ ਨਾਨਕ ਦੇਵ ਮਹਾਰਾਜ ਜੀ ਤੋਂ ਲੈ ਕਰਕੇ ਧੰਨ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਤੱਕ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਆਪਣੇ ਮੁਖਾਰਬਿੰਦ ਤੋਂ ਪਾਵਨ ਪਵਿੱਤਰ ਗੁਰਬਾਣੀ ਦਾ ਉਚਾਰਨ ਕੀਤਾ ਅਤੇ ਧੰਨ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਅੰਦਰ ਦਰਜ ਕਰਕੇ ਸਾਡੇ ਉੱਪਰ ਪਰਉਪਕਾਰ ਕੀਤਾ।ਕੀ ਇਹਨਾਂ ਲੋਕਾਂ ਅੰਦਰ ਐਸੀ ਤਾਕਤ ਐਸੀ ਸ਼ਕਤੀ ਹੈ ਜੋ ਗੁਰੂ ਦੀ ਤਰ੍ਹਾਂ ਇਸ ਗੁਰਬਾਣੀ ਦਾ ਉਚਾਰਨ ਕਰ ਸਕਦੇ ਹੋਣ ਤੇ ਜੇਕਰ ਇਹ ਆਪਣੇ ਹੱਥ ਨਾਲ ਲਿਖੀਆਂ ਹੋਈਆਂ ਕਵਿਤਾਵਾਂ ਅਤੇ ਆਪਣੇ ਬਣਾਏ ਝੂਠੇ ਧਾਰਮਿਕ ਗ੍ਰੰਥਾਂ ਨੂੰ ਧੰਨ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਬਰਾਬਰ ਰੱਖਣ ਦਾ ਯਤਨ ਕਰਨਗੇ ਤੇ ਗੁਰੂ ਕੇ ਸਿੱਖਾਂ ਨੇ ਪਹਿਲਾਂ ਵੀ ਇਹਨਾਂ ਦਾ ਵਿਰੋਧ ਕੀਤਾ ਹੈ ਅੱਗੇ ਵੀ ਕਰਦੇ ਰਹਿਣਗੇ੍ ਸੰਗਤਾਂ ਨੂੰ ਸਨਿਮਰ ਬੇਨਤੀ ਹੈ ਅਜਿਹੇ ਝੂਠੇ ਤੇ ਪਖੰਡੀ ਲੋਕਾਂ ਦਾ ਸਾਥ ਛੱਡ ਕੇ ਧੰਨ ਗੁਰੂ ਗ੍ਰੰਥ ਸਾਹਿਬ ਮਹਾਰਾਜ ਸੱਚੇ ਪਾਤਸ਼ਾਹ ਜੀ ਦੀ ਓਟ ਅਤੇ ਸ਼ਰਨ ਵਿੱਚ ਆਈਏ ਜਿਹੜੇ ਲੋਕ ਆਪ 84 ਦੇ ਗੇੜ ਵਿੱਚ ਘੁੰਮ ਰਹੇ ਹਨ ਉਹ ਤੁਹਾਨੂੰ 84 ਦੇ ਗੇੜ ਵਿੱਚੋਂ ਨਹੀਂ ਕੱਢ ਸਕਣਗੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਬਾਣੀ ਦਾ ਫੁਰਮਾਨ ਹੈ ਪੂਰਾ ਪ੍ਰਭ ਆਰਾਧੀਐ ਪੂਰਾ ਜਾ ਕਾ ਨਾਉ ਨਾਨਕ ਪੂਰਾ ਪਾਇਆ ਪੂਰੇ ਕੇ ਗੁਣ ਗਾਉ੍ ਪੂਰੇ ਗੁਰੂ ਦੀ ਸ਼ਰਨ ਵਿੱਚ ਆਇਆ ਹੀ ਸਾਡੀ ਪੂਰੀ ਪੈਣੀ ਹੈ ਅਜਿਹੇ ਅਧੂਰੇ ਲੋਕਾਂ ਦੇ ਲੜ ਲੱਗ ਕੇ ਸਾਡੀ ਕਿਤੇ ਵੀ ਪੂਰੀ ਨਹੀਂ ਪੈ ਸਕਦੀ ਪਰ ਸਤਿਗੁਰੂ ਸੱਚੇ ਪਾਤਸ਼ਾਹ ਜੀ ਕਿਰਪਾ ਕਰਨ ਇਹਨਾਂ ਦਾ ਰੁਜ਼ਗਾਰ ਇਹਨਾਂ ਦੀ ਰੋਜ਼ੀ ਰੋਟੀ ਵੀ ਗੁਰੂ ਦੇ ਨਾਂ ਤੇ ਹੀ ਚੱਲਦੀ ਹੈ ਕਿਉਂਕਿ ਆਪਣਾ ਇਹਨਾਂ ਦੇ ਪੱਲੇ ਕੱਖ ਨਹੀਂ ਅੱਜ ਗੁਰੂ ਦੀ ਨਿੰਦਿਆ ਕਰਕੇ ਗੁਰੂ ਦੇ ਸਿਧਾਂਤ ਨਾਲ ਛੇੜਛਾੜ ਕਰਕੇ ਜਾਂ ਗੁਰੂ ਦਾ ਸਹਾਰਾ ਲੈ ਕੇ ਹੀ ਇਹਨਾਂ ਲੋਕਾਂ ਨੂੰ ਬੋਲਣਾ ਪੈਂਦਾ ਹੈ ਕਿਉਂਕਿ ਇਹਨਾਂ ਦੀ ਆਪਣੀ ਕਹੀ ਹੋਈ ਕਿਸੇ ਵੀ ਗੱਲ ਦਾ ਕੋਈ ਵਜਨ ਨਹੀਂ ਧੰਨ ਗੁਰੂ ਗ੍ਰੰਥ ਸਾਹਿਬ ਮਹਾਰਾਜ ਨੂੰ ਆਪਣੇ ਨਾਲ ਜੋੜ ਕੇ ਜਾਂ ਆਪਣੇ ਆਪ ਨੂੰ ਗੁਰੂ ਗ੍ਰੰਥ ਸਾਹਿਬ ਮਹਾਰਾਜ ਤੋਂ ਵੱਡਾ ਸਾਬਤ ਕਰਨ ਦੀ ਕੋਸ਼ਿਸ਼ ਹੀ ਇਹਨਾਂ ਦੇ ਘਰ ਪਰਿਵਾਰ ਅਤੇ ਬੱਚੇ ਪਾਲਣ ਵਾਸਤੇ ਰੋਜੀ ਰੋਟੀ ਦਾ ਪ੍ਰਬੰਧ ਕਰ ਰਹੀ ਹੈ ਸੋ ਗੁਰੂ ਸੱਚੇ ਪਾਤਸ਼ਾਹ ਜੀ ਦੀ ਕਿਰਪਾਲਤਾ ਦਿਆਲਤਾ ਹੈ ਕਿ ਨਿੰਦਿਆ ਦੇ ਰੂਪ ਦੇ ਵਿੱਚ ਵੀ ਸਤਿਗੁਰੂ ਮਹਾਰਾਜ ਹੀ ਇਹਨਾਂ ਦੇ ਪਰਿਵਾਰ ਪਾਲ ਰਹੇ ਹਨ ਤੇ ਅਸੀਂ ਇਹਨਾਂ ਝੂਠੇ ਲੋਕਾਂ ਤੋਂ ਆਪਣਾ ਖਹਿੜਾ ਛਡਾ ਕੇ ਉਸ ਸੱਚੇ ਗੁਰੂ ਦੀ ਸ਼ਰਨ ਵਿੱਚ ਆਈਏ ਜੀ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ। ••

ਆਵਾਜ਼ਿ ਕੌਮ
AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਘੜੀਐ ਸਬਦੁ ਸਚੀ ਟਕਸਾਲ ।।

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)




# ਮਹਾਨ ਗੁਰਮਤਿ ਸਮਾਗਮ

• ਜੋਤੀ ਜੋਤ ਧੰਨ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ। • ਗੁਰਿਆਈ ਗੱਦੀ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ। • ਜਨਮ ਦਿਵਸ ਬੇਬੇ ਨਾਨਕੀ ਜੀ ਸੁਲਤਾਨਪੁਰ ਕਪੂਰਥਲਾ ।• ਜਨਮ ਦਿਵਸ ਸਿੰਘ ਸਾਹਿਬ ਭਾਈ ਮਨੀ ਸਿੰਘ ਸਾਹਿਬ ਜੀ।



## ਸ਼ਨਿੱਚਰਵਾਰ 4 ਅਪ੍ਰੈਲ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸਜਣਗੇ।

ਐਤਵਾਰ 5 ਅਪ੍ਰੈਲ 2026 ਨੂੰ 6:30 ਵਜੇ ਸਵੇਰੇ ਚੌਪੈਹਿਰੇ ਸਾਹਿਬ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 10:00 ਵਜੇ ਭੋਗ ਪੈਣ ਉਪਰੰਤ 12:30 ਵਜੇ ਤੱਕ ਦੀਵਾਨ ਸਜਣਗੇ।

ਕੀਰਤਨ ਜਥਾ ਰਾਗੀ ਭਾਈ ਮਨਜੀਤ ਸਿੰਘ ਸ਼ਾਂਤ ਕੀਰਤਨ ਰਾਹੀਂ ਗੁਰਬਾਣੀ ਗੁਰ ਇਤਿਹਾਸ ਸਿੱਖ ਇਤਿਹਾਸ ਨਾਲ ਸਿੱਖ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ। ☛ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।

**Gurdwara Sahib Shaeed Baba Deep Singh ji Damdami Taksaal**

Via Giacomo Matteotti 3Cap
26020Casalmorano Cremona (IT)

E-mail : gur.damdamitaksaalitaly@gmail.com

Call+393475711755 / 3208124778

ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਵਿਖੇ

# ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਅੰਬੈਸਡਰ ਫਾਰ ਪੀਸ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਲੜੀਵਾਰ ਗੁਰਬਾਣੀ ਕਥਾ ਵਿਆਖਿਆ ਦੀ ਹਾਜ਼ਰੀ ਭਰੀ












ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਵਿਖੇ ਲੜੀਵਾਰ ਗੁਰਬਾਣੀ ਕਥਾ ਵਿਆਖਿਆ ਦੀ ਅੱਜ ਹਾਜ਼ਰੀ ਭਰਦੇ ਹੋਏ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਅੰਬੈਸਡਰ ਫਾਰ ਪੀਸ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ।

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਭਾਈ ਪ੍ਰਗਟ ਸਿੰਘ ਨਿੱਝਰ (ਜਰਮਨੀ) ਦੇ ਪਰਿਵਾਰ ਵਿੱਚ ਸ਼ਾਨਦਾਰ ਵਿਆਹ ਸਮਾਗਮ, ਪੰਥਕ ਹਸਤੀਆਂ ਦੀ ਵਿਸ਼ੇਸ਼ ਹਾਜ਼ਰੀ











ਆਵਾਜ਼ਿ ਕੌਮ AWAZE QAUM International Newspaper & WEB TV



**ਸਮਰਾਲਾ, 3 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਸਥਾਨਕ ਸੰਘੂ ਰਿਜ਼ੋਰਟ ਸਮਰਾਲਾ ਵਿਖੇ ਅੱਜ ਜਗਪ੍ਰੀਤ ਸਿੰਘ ਮਾਣਕੀ ਦਾ ਵਿਆਹ ਸਮਾਗਮ ਬੜੀ ਸ਼ਾਨੋ-ਸ਼ੌਕਤ ਨਾਲ ਆਯੋਜਿਤ ਕੀਤਾ ਗਿਆ। ਇਹ ਸਮਾਗਮ ਭਾਈ ਪ੍ਰਗਟ ਸਿੰਘ ਨਿੱਝਰ (ਜਰਮਨੀ, ਰਿਬੈਰੋ ਕਾਂਡ) ਦੇ ਪਰਿਵਾਰ ਨਾਲ ਸੰਬੰਧਿਤ ਹੋਣ ਕਰਕੇ ਖਾਸ ਮਹੱਤਵ ਰੱਖਦਾ ਸੀ। ਵਿਆਹ ਤੋਂ ਪਹਿਲਾਂ ਅਨੰਦ ਕਾਰਜ ਦੀ ਰਸਮ ਗੁਰਦੁਆਰਾ ਸਾਹਿਬ ਵਿਖੇ ਪੂਰੀ ਗੁਰ ਮਰਿਆਦਾ ਅਨੁਸਾਰ ਨਿਭਾਈ ਗਈ, ਜਿਸ ਤੋਂ ਬਾਅਦ ਰਿਸੈਪਸ਼ਨ ਸਮਾਗਮ ਸੰਘੂ ਰਿਜ਼ੋਰਟ ਵਿੱਚ ਕੀਤਾ ਗਿਆ। ਇਸ ਮੌਕੇ 'ਤੇ ਕਈ ਪ੍ਰਮੁੱਖ ਪੰਥਕ, ਧਾਰਮਿਕ ਅਤੇ ਸਮਾਜਿਕ ਹਸਤੀਆਂ ਨੇ ਹਾਜ਼ਰੀ ਭਰੀ ਅਤੇ ਨਵੇਂ ਵਿਆਹੇ ਜੋੜੇ ਨੂੰ ਅਸ਼ੀਰਵਾਦ ਦਿੱਤਾ। ਹਾਜ਼ਰੀਨ ਵਿੱਚ ਬਾਬਾ ਬਲਜੀਤ ਸਿੰਘ ਦਾਦੂਵਾਲ, ਕਰਨੈਲ ਸਿੰਘ ਪੀਰ ਮੁਹੰਮਦ, ਬੀਬੀ ਮਨਦੀਪ ਕੌਰ ਸੰਧੂ, ਸੁਖਜੀਤ ਸਿੰਘ ਖੋਸਾ, ਭਾਈ ਕਰਮਜੀਤ ਸਿੰਘ ਸੁਨਾਮ, ਭਾਈ ਹਰਨੇਕ ਸਿੰਘ ਭੱਪ ਬੂਟਾਹਰੀ, ਜਗਰੂਪ ਸਿੰਘ ਜਰਖੜ, ਭਾਈ ਸੁਰਿੰਦਰ ਸਿੰਘ ਜਰਮਨੀ, ਭਾਈ ਖਾਲਸਾ ਜੀ ਇੰਗਲੈਂਡ ਅਤੇ ਐਸਜੀਪੀਸੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਸਮੇਤ ਹੋਰ ਕਈ ਪ੍ਰਮੁੱਖ ਵਿਅਕਤੀਆਂ ਸ਼ਾਮਲ ਸਨ। ਸਮਾਗਮ ਦੇ ਅੰਤ 'ਤੇ ਭਾਈ ਪ੍ਰਗਟ ਸਿੰਘ ਨਿੱਝਰ ਦੇ ਪਰਿਵਾਰ ਵੱਲੋਂ ਸਮੂਹ ਸੰਗਤ ਅਤੇ ਮਹਿਮਾਨਾਂ ਦਾ ਹਾਜ਼ਰੀ ਭਰਨ ਲਈ ਧੰਨਵਾਦ ਕੀਤਾ ਗਿਆ।





ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243




★ ਜਾਰੀ ਕਰਤਾ ★

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
+447458381111 +447976210161 +919729091243